MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver

# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 19 SATURDAY, 7 MAY, 2022
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਬੀਸੀ ਸਰਕਾਰ ਵਲੋਂ ਮਹੱਤਵਪੂਰਣ ਨਸਲਵਾਦ ਵਿਰੋਧੀ ਕਾਨੂੰਨ ਪੇਸ਼

ਵਿਕਟੋਰੀਆ-ਨਸਲਵਾਦ ਵਿਰੋਧੀ ਪਹਿਲਕਦਮੀਆਂ ਕਰਨ ਵਾਲੇ ਕਮਿਊਨਿਟੀ ਗਰੁੱਪਾਂ ਅਤੇ ਵਾਚਡੌਗਸ ਲਈ ਬੀਸੀ ਦੀ



ਸੰਸਦੀ ਸਕੱਤਰ ਆਸ ਕਰਦੀ ਹੈ ਕਿ ਸੋਮਵਾਰ ਬੀਸੀ ਦਾ ਨਸਲਵਾਦ ਵਿਰੋਧੀ ਪੇਸ਼ ਕੀਤਾ ਗਿਆ ਨਵਾਂ ਬਿਲ ਹੈਲਥ ਕੇਅਰ, ਪੁਲਿਸ ਅਤੇ ਸਰਕਾਰੀ ਸੰਸਥਾਵਾਂ ਵਿਚ ਯੋਜਨਾਵੱਧ ਨਸਲਵਾਦ ਨੂੰ ਹੱਲ ਕਰਨ ਵੱਲ ਪਹਿਲਾ ਕਦਮ ਹੋਵੇਗਾ। ਇਹ ਬਿੱਲ ਸਰਕਾਰੀ ਏਜੰਸੀਆਂ ਨੂੰ ਲੋਕਾਂ ਤੋਂ ਉਨ੍ਹਾਂ ਦੀ ਜਨਸੰਖਿਅਕੀ ਜਿਸ ਵਿਚ *(ਬਾਕੀ ਸਫ਼ਾ 10 'ਤੇ)*

## ਕੈਨੇਡਾ ਦਾ ਇਮੀਗ੍ਰੇਸ਼ਨ ਬੈਕਲਾਗ 20 ਲੱਖ ਤੋਂ ਪਾਰ ਲੰਘਿਆ

ਓਟਵਾ-ਇਮੀਗ੍ਰੇਸ਼ਨ ਕੈਨੇਡਾ ਦੀ ਪ੍ਰੋਸੈਸਿੰਗ ਇਨਵੈਂਟਰੀ ਹੁਣ ਸਾਰੀਆਂ ਸ਼੍ਰੇਣੀਆਂ ਦੇ 20 ਲੱਖ ਤੋਂ ਵੀ ਜ਼ਿਆਦਾ ਲੋਕਾਂ 'ਤੇ ਖੜੀ



ਹੈ। ਆਰਜ਼ੀ ਤੇ ਸਥਾਈ ਰੈਜ਼ੀਡੈਂਸ ਦਾ ਬੈਕਲਾਗ ਵਧ ਗਿਆ ਹੈ। ਇਸੇ ਦੌਰਾਨ ਨਾਗਰਿਕਤਾ ਬੈਕ ਲਾਗ ਮਾਰਚ ਵਿਚ 453000 ਤੋਂ ਘੱਟ ਕੇ ਅਪ੍ਰੈਲ ਵਿਚ ਲਗਪਗ 400000 ਵਿਅਕਤੀ ਰਹਿ ਗਿਆ ਹੈ। ਮਾਰਚ ਤੇ ਅਪਰੈਲ ਵਿਚਕਾਰ ਬਹੁਤਾ ਵਾਧਾ ਆਰਜ਼ੀ ਰੈਜ਼ੀਡੈਂਸ ਇਨਵੈਂਟਰੀ ਵਿਚ ਦੇਖਿਆ ਗਿਆ ਹੈ। 11 ਅਪ੍ਰੈਲ ਨੂੰ 11 ਲੱਖ ਤੋਂ ਵੀ ਜ਼ਿਆਦਾ ਆਰਜ਼ੀ ਰੈਜ਼ੀਡੈਂਟਸ ਬਿਨੈਕਾਰ *(ਬਾਕੀ ਸਫ਼ਾ 10 'ਤੇ)*

# ਲਿਬਰਲ ਵਲੋਂ ਕੈਨੇਡਾ 'ਚ ਗਰਭਪਾਤ ਦੇ ਅਧਿਕਾਰ ਨੂੰ ਸੁਰੱਖਿਅਤ ਬਣਾਉਣ ਦਾ ਵਾਅਦਾ

ਵੈਨਕੂਵਰ-ਕੈਨੇਡਾ-ਅਮਰੀਕਾ ਸਰਹੱਦ ਦੇ ਦੋਵੀਂ ਪਾਸੀਂ ਲਿਬਰਲ ਕਾਨੂੰਨਘਾੜੇ ਕਾਨੂੰਨੀ ਤੌਰ 'ਤੇ ਗਰਭਪਾਤ ਤੱਕ ਪਹੁੰਚ ਦਾ ਬਚਾਅ ਕਰਨ ਦਾ ਵਾਅਦਾ ਕਰ ਰਹੇ ਹਨ ਪਰ ਹਰੇਕ ਦੇਸ਼ ਦੀਆਂ



ਗਰੰਟੀਆਂ ਨਾਲ ਮੁੱਦਾ ਵੱਖਰੇ ਤੇ ਵੰਡਣ ਵਾਲੇ ਇਤਿਹਾਸ ਵਾਲਾ ਹੈ ਅਤੇ ਦੋਵੇਂ ਬਹੁਤ ਹੀ ਵੱਖਰੇ ਤਰੀਕਿਆਂ ਨਾਲ ਇਸ ਹੱਕ ਦਾ ਬਚਾਅ ਕਰਨਗੇ। ਲੰਬੇ ਸਮੇਂ ਤੋਂ ਅਗਾਂਹਵਧੂ ਕਦਰਾਂ ਕੀਮਤਾਂ ਦੇ ਸਵੈ-ਐਲਾਨ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੁੱਧਵਾਰ ਕੈਨੇਡੀਅਨਾਂ ਦੀ ਸੁਰੱਖਿਅਤ ਤੇ ਕਾਨੂੰਨੀ ਤੌਰ 'ਤੇ ਗਰਭਪਾਤ ਕਰਵਾਉਣ ਦੀ ਸਮਰਥਾ ਦੇ ਬਚਾਅ ਦਾ ਵਾਅਦਾ ਕੀਤਾ ਹੈ ਪਰ ਉਹ ਇਸ ਗੱਲ ਬਾਰੇ ਸਪਸ਼ਟ ਨਹੀਂ ਕਿ ਉਹ ਇਸ ਦਾ ਕਿਸ ਤਰ੍ਹਾਂ ਬਚਾਅ ਕਰਨਗੇ। ਕੈਨੇਡਾ ਵਿਚ ਗਰਭਪਾਤ ਦਾ ਅਧਿਕਾਰ ਉਸੇ ਤਰ੍ਹਾਂ ਮੌਜੂਦ ਨਹੀਂ ਜਿਵੇਂ ਕਿ ਰੋ ਬਨਾਮ ਵੇਡ ਦੇ 1973 ਦੇ ਇਤਿਹਾਸਕ ਫ਼ੈਸਲੇ ਵਿਚ ਦਰਜ ਹੈ ਜਿਸ ਨੇ ਲਗਪਗ ਅੱਧੀ ਸਦੀ ਤੋਂ ਦੁਨੀਆਂ ਭਰ ਵਿਚ ਪ੍ਰਜਣਨ ਅਧਿਕਾਰਾਂ ਦੇ ਜੇਤੂਆਂ ਲਈ ਸਖਤ ਕਾਨੂੰਨੀ ਪਲੇਟਫਾਰਮ ਵਜੋਂ ਕੰਮ ਕੀਤਾ ਹੈ। 1988 ਦੇ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਕੈਨੇਡਾ ਵਿਚ ਗਰਭਪਾਤ ਨੂੰ ਗੈਰਕਾਨੂੰਨੀ ਕਰਾਰ ਦੇਣਾ ਬੰਦ ਕਰ ਦਿੱਤਾ ਗਿਆ ਪਰ ਕਾਨੂੰਨੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਦੇ ਕੋਈ ਬਿੱਲ ਪਾਸ ਨਹੀਂ ਕੀਤਾ ਗਿਆ ਅਤੇ ਇਸ ਨੂੰ ਅਧਿਕਾਰਾਂ ਤੇ ਆਜ਼ਾਦੀ ਦੇ ਚਾਰਟਰ ਤਹਿਤ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਅਧਿਕਾਰ ਨਹੀਂ ਮੰਨਿਆਂ ਗਿਆ। ਅਮਰੀਕੀਆਂ ਦਾ ਸੰਵਿਧਾਨਕ ਅਧਿਕਾਰ ਢਹਿ ਢੇਰੀ ਹੋਣ ਦੇ ਕਿਨਾਰੇ ਪੁੱਜਿਆਂ ਹੋਇਆ ਲਗਦਾ ਹੈ, ਪੋਲੀਟਿਕੋ ਵਲੋਂ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਖਰੜੇ ਬਾਰੇ ਕੀਤੀ ਰਿਪੋਰਟ ਮੁਤਾਬਿਕ ਅਦਾਲਤ 1973 ਦੇ ਫ਼ੈਸਲੇ ਨੂੰ ਉਲਟਾਉਣ ਅਤੇ ਰਾਜਾਂ ਨੂੰ ਆਪਣੇ ਗਰਭਪਾਤ ਕਾਨੂੰਨ ਬਣਾਉਣ ਦੀ ਸਮਰਥਾ ਬਹਾਲ ਕਰਨ ਲਈ ਤਿਆਰ ਹੈ। ਜਦੋਂ ਇਹ ਪੁੱਛਿਆ ਗਿਆ ਕਿ ਕੀ ਸਰਕਾਰ ਗਰਭਪਾਤ ਦੇ ਅਧਿਕਾਰਾਂ ਨੂੰ ਕਾਨੂੰਨ ਰਾਹੀਂ ਸੁਰੱਖਿਅਤ ਕਰੇਗੀ *(ਬਾਕੀ ਸਫ਼ਾ 10 'ਤੇ)*

For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
• ਡਿਸੇਬੀਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
Aman INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੌਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S | T
& | A

Simpson, Thomas
& Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated
BBB
ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**

STA has support staff fluent in Punjabi, Hindi and Gujarati.

**Your Needs Come First**

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

We have offices in Vancouver, Surrey/Delta, Abbotsford* and Burnaby.*

*By appointment only

Caring. Compassionate. Community-Focussed.


ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 19 SATURDAY, 7 MAY, 2022
www.punjablinkpaper.com 604-503-5465




ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store / Google play
24 Hour Online Radio
ਪ੍ਰਭ ਕੀ ਬਾਣੀ 6.00am to 8:00am
ਕੁੱਝ ਖਬਰਾਂ ਕੁੱਝ ਗੀਤ 12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com


## ਭਾਜਪਾ ਦਾ ਬੁਲਾਰਾ ਤਜਿੰਦਰ ਬੱਗਾ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ

ਨਵੀ ਦਿੱਲੀ (ਮਨਧੀਰ ਦਿਓਲ)-ਦਿੱਲੀ ਭਾਜਪਾ ਦੇ ਬੁਲਾਰੇ ਤਜਿੰਦਰ ਬੱਗਾ ਨੂੰ ਪੰਜਾਬ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਖ਼ਿਲਾਫ਼ ਸਾਈਬਰ ਸੈੱਲ ਵਿੱਚ ਕੇਸ ਦਰਜ ਕੀਤਾ ਗਿਆ ਸੀ। ਮੁਹਾਲੀ ਪੁਲੀਸ ਨੇ ਬੱਗਾ ਖ਼ਿਲਾਫ਼ ਸਾਈਬਰ ਸੈੱਲ ਵਿੱਚ ਕੇਸ ਦਰਜ ਕੀਤਾ ਸੀ। ਇਸ ਮਾਮਲੇ ਵਿੱਚ ਹੁਣ ਗ੍ਰਿਫ਼ਤਾਰੀ ਹੋਈ ਹੈ। ਹੁਣ ਇਸ ਮਾਮਲੇ 'ਤੇ ਸਿਆਸਤ ਵੀ ਤੇਜ਼ ਹੋ ਗਈ ਹੈ। ਭਾਜਪਾ ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ



ਸਰਕਾਰ ਨੂੰ ਘੇਰਿਆ ਹੈ। ਤਜਿੰਦਰ ਪਾਲ ਸਿੰਘ ਬੱਗਾ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕਰਨ ਅਤੇ ਸਮਾਜ ਨੂੰ ਧਰਮ ਅਤੇ ਜਾਤ ਦੇ ਆਧਾਰ ਤੇ ਵੰਡਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ। ਭਾਜਪਾ ਆਗੂ ਕਪਿਲ ਮਿਸ਼ਰਾ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਪੁਲੀਸ ਦੇ 50 ਮੁਲਾਜ਼ਮਾਂ ਨੇ ਤਜਿੰਦਰ ਬੱਗਾ ਨੂੰ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕੀਤਾ ਹੈ। ਕਪਿਲ ਮਿਸ਼ਰਾ ਨੇ ਟਵੀਟ ਕੀਤਾ, ਤਜਿੰਦਰ ਬੱਗਾ ਨੂੰ ਪੰਜਾਬ ਪੁਲੀਸ ਦੇ 50 ਮੁਲਾਜ਼ਮਾਂ ਨੇ ਗ੍ਰਿਫ਼ਤਾਰ ਕਰ ਲਿਆ ਅਤੇ ਚੁੱਕ ਕੇ ਲੈ ਗਏ। ਬੱਗਾ ਸੱਚਾ ਸਰਦਾਰ ਹੈ, ਉਸ ਨੂੰ ਅਜਿਹੀਆਂ ਹਰਕਤਾਂ ਨਾਲ ਡਰਾਇਆ ਜਾਂ ਕਮਜ਼ੋਰ ਨਹੀਂ ਕੀਤਾ ਜਾ ਸਕਦਾ। ਸੱਚੇ ਸਰਦਾਰ ਤੋਂ ਏਨਾ ਡਰ ਕਿਉਂ? ਦੂਜੇ ਪਾਸੇ ਦਿੱਲੀ ਭਾਜਪਾ ਦੇ ਬੁਲਾਰੇ ਪ੍ਰਵੀਨ ਸ਼ੰਕਰ ਕਪੂਰ ਨੇ ਕਿਹਾ ਹੈ ਕਿ ਇਹ ਬਹੁਤ ਹੀ ਸ਼ਰਮਨਾਕ *(ਬਾਕੀ ਸਫ਼ਾ 10 'ਤੇ)*

# ਹਰਿਆਣਾ ਪੁਲਿਸ ਨੇ 4 ਖਾਲਿਸਤਾਨੀ ਅੱਤਵਾਦੀ ਕੀਤੇ ਗ੍ਰਿਫ਼ਤਾਰ

ਕਰਨਾਲ-ਹਰਿਆਣਾ ਪੁਲੀਸ ਨੇ ਕਰਨਾਲ ਜ਼ਿਲ੍ਹੇ 'ਚ ਕੌਮੀ ਮਾਰਗ ਤੋਂ ਇਨੋਵਾ 'ਚ ਸਵਾਰ ਚਾਰ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੇ ਸਬੰਧ ਖਾਲਿਸਤਾਨੀ ਜਥੇਬੰਦੀਆਂ ਨਾਲ ਦੱਸੇ ਜਾਂਦੇ ਹਨ। ਉਨ੍ਹਾਂ ਦੇ ਕਬਜ਼ੇ 'ਚੋਂ ਵੱਡੀ ਮਾਤਰਾ 'ਚ ਆਈਈਡੀ, ਹਥਿਆਰ ਤੇ ਅਸਲਾ ਬਰਾਮਦ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਅਤਿਵਾਦੀਆਂ 'ਚੋਂ ਤਿੰਨ ਪੰਜਾਬ ਦੇ ਜ਼ਿਲ੍ਹਾ ਫਿਰੋਜ਼ਪੁਰ ਤੇ ਇੱਕ ਲੁਧਿਆਣਾ ਨਾਲ ਸਬੰਧਤ ਹੈ। ਗ੍ਰਿਫ਼ਤਾਰ ਗਏ ਵਿਅਕਤੀਆਂ ਕਥਿਤ ਤੌਰ 'ਤੇ ਪਾਕਿਸਤਾਨ ਆਧਾਰਿਤ ਇੱਕ ਵਿਅਕਤੀ ਦੇ ਸੰਪਰਕ 'ਚ ਦੱਸੇ ਜਾ ਰਹੇ ਹਨ ਜੋ ਹਥਿਆਰ ਤੇ ਧਮਾਕਾਖੇਜ਼ ਸਮੱਗਰੀ ਵੱਖ ਵੱਖ ਥਾਵਾਂ 'ਤੇ ਪਹੁੰਚਾਉਣ ਲਈ ਦਿੰਦਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਭੁਪਿੰਦਰ ਸਿੰਘ ਵਾਸੀ ਲੁਧਿਆਣਾ ਅਤੇ ਗੁਰਪ੍ਰੀਤ ਸਿੰਘ, ਪਰਮਿੰਦਰ ਸਿੰਘ ਤੇ ਅਮਨਦੀਪ ਸਿੰਘ (ਤਿੰਨੇ) ਵਾਸੀ ਫਿਰੋਜ਼ਪੁਰ ਵਜੋਂ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੰਟੈਲੀਜੈਂਸ ਬਿਊਰੋ ਤੋਂ ਮਿਲੀ ਸੂਚਨਾ ਤੋਂ ਬਾਅਦ ਕਰਨਾਲ ਪੁਲੀਸ ਅਤੇ ਸੁਰੱਖਿਆ ਏਜੰਸੀਆਂ ਨੇ ਬਸਤਾੜਾ ਟੋਲ ਪਲਾਜ਼ੇ ਕੋਲ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਇੱਕ ਸ਼ੱਕੀ ਇਨੋਵਾ ਗੱਡੀ ਨੂੰ ਜਾਂਚ ਲਈ ਰੋਕਿਆ ਤਾਂ ਤਲਾਸ਼ੀ ਦੌਰਾਨ ਇਸ 'ਚੋਂ ਢਾਈ-ਢਾਈ ਕਿੱਲੋ ਆਈਈਡੀ ਨਾਲ ਭਰੇ ਤਿੰਨ ਕੰਟੇਨਰ, ਇੱਕ



ਪਿਸਤੌਲ, 31 ਕਾਰਤੂਸ ਤੇ 1.3 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ। ਪੁਲੀਸ ਨੇ ਕਾਰ 'ਚ ਸਵਾਰ ਚਾਰਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਚਾਰਾਂ ਨੂੰ ਥਾਣਾ ਮਧੂਬਨ ਲਿਜਾ ਕੇ ਉਨ੍ਹਾਂ ਤੋ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਮੁਲਜ਼ਮਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ ਕਰਨਾਲ ਦੇ ਐੱਸਪੀ ਗੰਗਾ ਰਾਮ ਪੂਨੀਆ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ ਦੇ ਸਬੰਧ ਬੱਬਰ ਖਾਲਸਾ ਜਥੇਬੰਦੀ ਨਾਲ ਹੋ ਸਕਦੇ ਹਨ। ਪੁੱਛ ਪੜਤਾਲ ਲਈ ਪੰਜਾਬ ਪੁਲੀਸ ਸਮੇਤ ਹੋਰ ਸੁਰੱਖਿਆ ਏਜੰਸੀਆਂ ਦੀ ਟੀਮ ਵੀ ਪਹੁੰਚੀ ਹੈ। ਐਸਪੀ ਪੂਨੀਆ ਨੇ ਦੱਸਿਆ ਕਿ ਚਾਰੇ ਮੁਲਜ਼ਮ ਪਾਕਿਸਤਾਨੀ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਰਿੰਦਾ ਨੇ ਹੀ ਇਨ੍ਹਾਂ ਨੂੰ ਅਸਲਾ ਸਪਲਾਈ ਕੀਤਾ ਸੀ ਅਤੇ ਉਸ ਨੂੰ ਆਦਿਲਾਬਾਦ (ਤਿਲੰਗਾਨਾ) ਪਹੁੰਚਾਉਣ ਦਾ ਕੰਮ ਦਿੱਤਾ ਸੀ। ਇਸ ਤੋਂ ਪਹਿਲਾਂ ਵੀ ਮੁਲਜ਼ਮ ਨਾਂਦੇੜ ਕੋਲ ਅਜਿਹਾ ਸਾਮਾਨ ਪਹੁੰਚਾ ਚੁੱਕੇ ਹਨ। ਰਿੰਦਾ ਇਨ੍ਹਾਂ ਨੂੰ ਇਹ ਸਾਮਾਨ ਡਰੋਨ ਨਾਲ ਸਪਲਾਈ ਕਰਦਾ ਸੀ ਅਤੇ ਮੋਬਾਈਲ ਐਪ ਤੋਂ ਲੋਕੇਸ਼ਨ ਭੇਜਦਾ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਫਿਰੋਜ਼ਪੁਰ ਵਿੱਚ ਭਾਰਤ-ਪਾਕਿ ਸਰਹੱਦ ਕੋਲ ਮੁਲਜ਼ਮ ਗੁਰਪ੍ਰੀਤ ਦੇ ਦੋਸਤ ਆਕਾਸ਼ਦੀਪ ਦੇ ਨਾਨਕੇ ਦੇ ਖੇਤ ਹਨ। ਉਨ੍ਹਾਂ ਖੇਤਾਂ 'ਚ ਡਰੋਨ ਨਾਲ ਵਿਸਫੋਟਕ ਦੀ ਸਪਲਾਈ ਕੀਤੀ ਗਈ ਸੀ। *(ਬਾਕੀ ਸਫ਼ਾ 10 'ਤੇ)*



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza

ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)

• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।

• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ 12 ਮਈ ਨੂੰ ਮਨਾਵੇਗੀ ਸਥਾਪਨਾ ਦਿਵਸ

ਸਰੀ-ਇੰਡੀਅਨ ਐਕਸ ਸਰਵਿਸਮੈਨ ਸੁਸਾਇਟੀ ਦਾ 27ਵਾਂ ਸਥਾਪਨਾ ਦਿਵਸ 12 ਮਈ, 2022 ਦਿਨ ਵੀਰਵਾਰ ਨੂੰ 07.00 ਵਜੇ ਸ਼ਾਮ ਰਿਵਰ ਸਾਇਡ ਸਗਨੇਚਰ ਬੈਂਕੁਇੰਟ ਹਾਲ 13030-76 ਐਵੀਨਿਊ ਸਰੀ ਵਿਚ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਾਰੇ ਫ਼ੌਜੀ ਵੀਰਾਂ ਅਤੇ ਵੀਰ ਨਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 12 ਮਈ ਦਿਨ ਵੀਰਵਾਰ ਸ਼ਾਮ 07.00 ਵਜੇ ਸੁਪਤਨੀਆਂ ਸਮੇਤ ਪਹੁੰਚ ਕੇ ਰੌਣਕ ਵਧਾਓ। ਚਾਹਵਾਨ ਸੱਜਣ 11 ਮਈ, 2022 ਤਕ ਫ਼ੋਨ ਨੰ. 604-501-3939 'ਤੇ ਸਹਿਮਤੀ ਦੇ ਸਕਦੇ ਹਨ। ਇਸ ਮੰਤਵ ਲਈ ਸਬਸਕ੍ਰਿਪਸ਼ਨ ਮੌਕੇ 'ਤੇ ਦਿੱਤੀ ਜਾ ਸਕਦੀ ਹੈ।



# ਸਰੀ ਵਿਚ ਚਿੱਤਰ ਪ੍ਰਦਰਸ਼ਨੀ-ਕਲਾਕਾਰਾਂ ਦੀਆਂ ਦਿਲਕਸ਼ ਕਿਰਤਾਂ ਨੇ ਕਲਾ-ਪ੍ਰੇਮੀਆਂ ਦੇ ਮਨ ਮੋਹੇ

ਸਰੀ, 2 ਮਈ (ਹਰਦਮ ਮਾਨ)-ਸਰੀ ਵਿਚ ਪੰਜਾਬੀ ਮਾਂ ਬੋਲੀ ਲਘੂ ਫਿਲਮ ਉਤਸਵ ਮਨਾਇਆ ਗਿਆ। ਇਸ ਦੇ ਪਹਿਲੇ ਪੜਾਅ ਤਹਿਤ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਵਿਹੜੇ ਵਿਚ ਪੰਜਾਬੀ ਚਿੱਤਰਕਾਰਾਂ ਵੱਲੋਂ ਆਪਣੀਆਂ ਕਿਰਤਾਂ ਪ੍ਰਦਰਸ਼ਿਤ ਕੀਤੀਆਂ ਗਈਆਂ। ਪੰਜਾਬ ਪੈਨਰਾਮਾ ਦੇ ਲੇਬਲ ਅਧੀਨ ਲਾਈ ਗਈ ਦੋ ਦਿਨਾਂ ਚਿੱਤਰ ਪ੍ਰਦਰਸ਼ਨੀ ਵਿਚ ਬਲਜੀਤ ਕੌਰ ਵੱਲੋਂ ਭਾਰਤੀ ਨਾਰੀ ਦੇ ਵੱਖ ਵੱਖ ਮਨੋਭਾਵਾਂ ਨੂੰ ਦਰਸਾਉਂਦੇ ਚਿੱਤਰ, ਬਲਵਿੰਦਰ ਸਿੰਘ ਤੇ ਨੀਤੀ ਸਿੰਘ ਦੇ ਰਾਜਸਥਾਨੀ ਵਿਅਕਤੀਆਂ ਦੇ ਚਿਤਰ, ਬਿੰਦੂ ਮਠਾੜੂ ਦੀਆਂ ਏਕਮਕਾਰ ਤੇ ਹੋਰ ਅਧਿਆਤਮਿਕ ਪੇਂਟਿਗਜ਼, ਜਰਨੈਲ ਸਿੰਘ ਦੀਆਂ ਇਤਿਹਾਸ ਤੇ ਪੰਜਾਬੀ ਸਭਿਆਚਾਰ ਨਾਲ ਸਬੰਧਤ ਕਿਰਤਾਂ, ਜੇ ਪਨੇਸਰ ਦੀ ਦਰਬਾਰ ਸਾਹਿਬ ਦੀ ਫੋਟੋ, ਨਵਲਪ੍ਰੀਤ ਰੰਗੀ ਵੱਲੋਂ ਪੰਜਾਬ ਦੇ ਪੇਂਡੂ ਦ੍ਰਿਸ਼ ਦੀਆਂ ਦੋ ਤਸਵੀਰਾਂ, ਰਿਮਨਦੀਪ ਬਰਾੜ ਦੀਆਂ ਮਹਾਤਮਾ ਬੁੱਧ ਤੇ ਖੇਤਾਂ ਵਿਚ ਪੰਜਾਬਣ ਮੁਟਿਆਰਾਂ ਦੀਆਂ ਕਿਰਤਾਂ, ਰੀਤੂ ਸਿੰਘ ਦੀਆਂ ਨੇਟਿਵ ਆਰਟ ਦੀਆਂ ਕਲਾ ਕਿਰਤਾਂ ਅਤੇ ਸਭ ਤੋਂ ਛੋਟੀ ਉਮਰ ਦੇ ਬਾਲ ਕਲਾਕਾਰ ਬੀਰ ਯੁਵਰਾਜ ਸਿੰਘ ਦੀਆਂ ਕਿਰਤਾਂ ਸੁਸ਼ੋਭਿਤ ਕੀਤੀਆਂ ਗਈਆਂ। ਪੰਜਾਬੀ ਕਲਾ ਪ੍ਰੇਮੀਆਂ ਨੇ ਤਿੰਨੇ ਦਿਨ ਇਸ ਪ੍ਰਦਰਸ਼ਨੀ ਵਿਚ ਬੇਹੱਦ ਦਿਲਚਸਪੀ ਦਿਖਾਈ ਅਤੇ ਚਿੱਤਰਕਾਰੀ ਦੇ ਬਿਹਤਰੀਨ ਕਾਰਜ ਨੂੰ ਬੜੀ ਨੀਝ ਨਾਲ ਤੱਕਿਆ। ਚਿੱਤਰਕਾਰੀ ਦਾ ਆਨੰਦ ਮਾਣਨ ਵਾਲਿਆਂ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਜਸਵੰਤ ਬਰਾੜ, ਕਰਤਾਰ ਸਿੰਘ ਕੰਗ, ਕਰਨਬੀਰ ਸਿੰਘ, ਸਿਕੰਦਰ ਸਿੰਘ ਕੰਗ ਤੇ ਪਰਿਵਾਰ ਜਸਲੀਨ ਕੌਰ, ਮਨਜੀਤ ਸਲੈਚ, ਹਰਪ੍ਰੀਤ ਸਿੰਘ, ਐਸ਼ਲੀਨ, ਕਵਿੱਤਰੀ ਅਮਨ ਸੀ ਸਿੰਘ, ਚਰਨਜੀਤ ਸਿੰਘ, ਰੰਗ ਮੰਚ ਅਦਾਕਾਰ ਗੁਰਦੀਪ ਭੁੱਲਰ ਤੇ ਹੋਰ ਅਨੇਕਾਂ ਕਲਾ ਪ੍ਰੇਮੀ ਸ਼ਾਮਲ ਸਨ। ਪ੍ਰਦਰਸ਼ਨੀ ਦੌਰਾਨ ਹਾਜਰ ਕਲਾਕਾਰਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨ ਪੱਤਰ ਦਿੱਤੇ ਗਏ।





BUSY BOYS ELECTRICAL LTD.

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation

C: 604.837.3101
O: 778.590.5906

#111-8132 130th St., Surrey BC
busyboyslectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ

Get your Mortgage approved from the

CANADA'S TOP #26 MORTGAGE BROKER

2022 TOP 75 BROKERS CMP

• Purchase • Renewal • Refinance
• Construction & Farm Mortgages

2.45%* 5 Years Variable Closed
*Conditions Apply.

GET CASH BACK UPTO $4,000*

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St

Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca

JJB INSURANCE

Sarban Singh Sidhu
604-507-6866
#1, 13791, 72 AVE, SURREY (NEAR FRUITICANA)

BBB ACCREDITED BUSINESS

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

• ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇਂਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available



# ਮੀਨਾ ਸ਼ਰਮਾ ਦੀ ਨਿਵੇਕਲੀ ਪੁਸਤਕ ਹੈ-'ਦਿ ਡਲਿਵਰੈਂਸ ਆਫ ਦਿ ਹੈਵਨਜ਼ ਕਰੀਏਟਰ'

ਸਰੀ (ਹਰਦਮ ਮਾਨ)-ਪੰਜਾਬੀ ਮੂਲ ਦੀ ਕੈਨੇਡੀਅਨ ਲੇਖਿਕਾ ਮੀਨਾ ਸ਼ਰਮਾ ਦੀ ਪਲੇਠੀ ਅਤੇ ਨਿਵੇਕਲੀ ਅੰਗਰੇਜ਼ੀ ਪੁਸਤਕ 'ਦਿ ਡਲਿਵਰੈਂਸ ਆਫ ਦਿ ਹੈਵਨ ਕਰੀਏਟਰ' ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਬੀਤੇ ਦਿਨ ਇਹ ਪੁਸਤਕ ਗੁਲਾਟੀ ਪਬਲਿਸ਼ਰਜ਼ ਸਟੋਰ, ਸਰੀ ਵਿਖੇ ਕੋਰੀਅਰ ਰਾਹੀਂ ਪਹੁੰਚੀ ਤਾਂ ਸਤੀਸ਼ ਗੁਲਾਟੀ ਨੇ ਪੁਸਤਕ ਦੀ ਪਹਿਲੀ ਕਾਪੀ ਪੁਸਤਕ ਦੀ ਰਚੇਤਾ ਮੀਨਾ ਸ਼ਰਮਾ ਨੂੰ ਭੇਂਟ ਕੀਤੀ। ਇਸ ਮੌਕੇ ਹਾਜਰ ਪ੍ਰਸਿੱਧ ਪੰਜਾਬੀ ਵਿਦਵਾਨ ਡਾ. ਰਘਬੀਰ ਸਿੰਘ ਸਿਰਜਣਾ, ਪੱਤਰਕਾਰ ਸੁਰਿੰਦਰ ਚਾਹਲ, ਸ਼ਾਇਰ ਹਰਦਮ ਸਿੰਘ ਮਾਨ ਅਤੇ ਸਤੀਸ਼ ਗੁਲਾਟੀ ਨੇ ਮੀਨਾ ਸ਼ਰਮਾ ਨੂੰ ਪਹਿਲੀ ਪੁਸਤਕ ਦੀ ਆਮਦ 'ਤੇ ਮੁਬਾਰਕਬਾਦ ਦਿੱਤੀ। ਮੀਨਾ ਸ਼ਰਮਾ ਦੇ ਪਤੀ ਨਿੱਕ ਸ਼ਰਮਾ ਅਤੇ ਤਿੰਨੇ ਬੇਟੇ ਸੁਸ਼ਾਂਤ, ਕਰਿਸ਼ ਤੇ ਮਨੀਸ਼ ਇਹ ਪੁਸਤਕ ਹਾਸਲ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਜ਼ਿਕਰਯੋਗ ਹੈ ਕਿ ਆਰਟ ਪੇਪਰ ਉਪਰ ਪ੍ਰਕਾਸ਼ਿਤ ਵੱਡ-ਆਕਾਰੀ ਸਚਿੱਤਰ ਪੁਸਤਕ 'ਦਿ ਡਲਿਵਰੈਂਸ ਆਫ ਦਿ ਹੈਵਨ ਕਰੀਏਟਰ' ਦੀ ਦਿੱਖ ਬਹੁਤ ਹੀ ਖ਼ੂਬਸੂਰਤ ਹੈ। ਮੀਨਾ ਸ਼ਰਮਾ ਨੇ ਇਸ ਪੁਸਤਕ ਦੇ ਪ੍ਰਕਾਸ਼ਨ ਲਈ ਸਤੀਸ਼ ਗੁਲਾਟੀ ਅਤੇ ਸੁਰਿੰਦਰ ਚਾਹਲ ਵੱਲੋਂ ਮਿਲੇ ਸਹਿਯੋਗ ਲਈ ਉਨ੍ਹਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਇਸ ਨੂੰ ਇਕ ਸਮਾਗਮ ਦੌਰਾਨ ਲੋਕ ਅਰਪਣ ਕੀਤਾ ਜਾਵੇਗਾ।

# 'ਜੰਗ ਤਾਂ ਖ਼ੁਦ ਇਕ ਮਸਲਾ ਹੈ' ਵਿਸ਼ੇ 'ਤੇ ਅੰਤਰਰਾਸ਼ਟਰੀ ਕਵੀ ਦਰਬਾਰ



ਸਰੀ (ਹਰਦਮ ਮਾਨ)-ਪੰਜਾਬ ਸਾਹਿਤ ਅਕਾਦਮੀ ਵੱਲੋਂ ਹਰ ਮਹੀਨੇ ਕਰਵਾਏ ਜਾਣ ਵਾਲੇ ਪ੍ਰੋਗਰਾਮ 'ਬੰਦਨਵਾਰ' ਵਿਚ ਇਸ ਵਾਰ ਵਿਸ਼ਵ 'ਤੇ ਮੰਡਰਾ ਰਹੇ ਤੀਜੇ ਵਿਸ਼ਵ ਯੁੱਧ ਦੇ ਸੰਦਰਭ ਵਿਚ 'ਜੰਗ ਤਾਂ ਖ਼ੁਦ ਇਕ ਮਸਲਾ ਹੈ' ਵਿਸ਼ੇ ਤੇ ਅੰਤਰਰਾਸ਼ਟਰੀ ਪੱਧਰ ਦਾ ਕਵੀ ਦਰਬਾਰ ਕਰਵਾਇਆ ਗਿਆ। ਡਾ. ਸਰਬਜੀਤ ਕੌਰ ਸੋਹਲ ਦੀ ਅਗਵਾਈ ਵਿਚ ਹੋਏ ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰਸਿੱਧ ਸ਼ਾਇਰ ਗੁਰਭਜਨ ਗਿੱਲ ਨੇ ਕੀਤੀ। ਕਵੀ ਦਰਬਾਰ ਵਿਚ ਪਾਕਿਸਤਾਨੀ ਪੰਜਾਬ ਤੋਂ ਪ੍ਰੋ. ਸਫ਼ੀਆ ਹਿਆਤ, ਬਨਾਰਸ ਤੋਂ ਹਿੰਦੀ ਕਵੀ ਆਸ਼ੀਸ਼ ਤ੍ਰਿਪਾਠੀ ਅਤੇ ਵੰਦਨਾ ਚੌਬੇ, ਪ੍ਰਤਾਪ ਨਗਰ ਤੋਂ ਰੂਪਮ ਮਿਸ਼ਰਾ, ਪੁਣਛ (ਜੰਮੂ) ਤੋਂ ਸਵਾਮੀ ਅੰਤਰ ਨੀਰਵ, ਦਿੱਲੀ ਤੋਂ ਕੁਮਾਰ ਰਾਜੀਵ ਅਤੇ ਗਗਨਮੀਤ, ਪੰਜਾਬ ਤੋਂ ਤਰਸੇਮ ਅਤੇ ਡਾ ਸੰਤੋਖ ਸੁੱਖੀ ਨੇ ਭਾਗ ਲਿਆ। ਪ੍ਰੋਗਰਾਮ ਦੇ ਮਾਡਰੇਟਰ ਦੇ ਰੂਪ ਵਿਚ ਡਾ ਕੁਲਦੀਪ ਸਿੰਘ ਦੀਪ ਨੇ ਕਵਿਤਾ ਦੇ ਜੰਗ ਆਧਾਰਿਤ ਪ੍ਰਵਚਨਾਂ ਦੀਆਂ ਪਰਤਾਂ ਫੋਲੀਆਂ। ਇਸ ਤੋਂ ਬਾਅਦ ਹਰੇਕ ਸ਼ਾਇਰ ਨੇ ਆਪਣੀ ਕਵਿਤਾ ਵਿਚ ਸਾਮਰਾਜੀ ਜੰਗਾਂ ਦੀ ਮਾਨਵ ਵਿਰੋਧੀ ਅਤੇ ਵਿਨਾਸ਼ਕਾਰੀ ਪਹੁੰਚ ਨੂੰ ਕਵਿਤਾ ਰਾਹੀਂ ਪ੍ਰਸਤੁਤ ਕੀਤਾ। ਗੁਰਭਜਨ ਗਿੱਲ ਨੇ ਕਿਹਾ ਕਿ ਹਰ ਦੌਰ ਵਿਚ ਕਵਿਤਾ ਨੇ ਯੁੱਧ ਦੇ ਵਿਨਾਸ਼ਕੀ ਰੂਪ ਨੂੰ ਭੰਡਿਆ ਹੈ ਅਤੇ ਅੱਜ ਵੀ ਕਵਿਤਾ ਆਪਣੀ ਭੂਮਿਕਾ ਨਿਭਾ ਰਹੀ ਹੈ। ਸੋਸ਼ਲ ਮੀਡੀਆ ਤੇ ਲਾਈਵ ਕੀਤੇ ਇਸ ਪ੍ਰੋਗਰਾਮ ਨੂੰ ਵੱਡੀ ਗਿਣਤੀ ਵਿਚ ਸਰੋਤਿਆਂ ਨੇ ਮਾਣਿਆ।




ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ?

ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।

WE REDUCE YOUR DEBT UP TO MAXIMUM LEVEL
WE HELP WITH ALL UNSECURED DEBT

ਕਿਸੇ ਤਰ੍ਹਾਂ ਦੀ ਵੀ ਫਾਈਨੈਸ਼ਲ ਪ੍ਰੋਬਲਮ ਹੋਵੇ

- ਕ੍ਰੈਡਿਟ ਕਾਰਡ - ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਲਾਈਨ ਆਫ਼ ਕ੍ਰੈਡਿਟ - ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।

Any type of Financial Problems?
- Credit Cards - line of Credit
- Pay Day Loans - Retail Store Cards
- Bank Overdraft - GST/PST Debt
- CRA Debt

Any Business or Personal loans
Cut your debt up to
70% or more



Free Confidential Advice
Kulwinder Bains
Certified Credit Counseller
778 998 9402

DAY AND NIGHT LABOUR LTD.

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:
ਸੰਨੀ ਸੰਧਰ 604-727-2421

ਸੰਪਾਦਕੀ

## ਪੰਜਾਬ ਤੇ ਦਿੱਲੀ ਵਿਚਾਲੇ ਐਮ ਓ ਯੂ

# ਆਪ ਸੁਪਰੀਮੋ ਦੀ 'ਬਾਬੂਗਿਰੀ' ਦੀ ਉਮਦਾ ਮਿਸਾਲ...

**ਸੁਖਵਿੰਦਰ ਸਿੰਘ ਚੋਹਲਾ**

ਪਿਛਲੇ ਦਿਨੀਂ ਪੰਜਾਬ ਅਤੇ ਦਿੱਲੀ ਦੀਆਂ ਸਰਕਾਰਾਂ ਵਲੋਂ ਲੋਕ ਭਲਾਈ ਅਤੇ ਆਪਸੀ ਸਹਿਯੋਗ ਦੇ ਨਾਮ ਹੇਠ 'ਗਿਆਨ ਵਟਾਂਦਰਾ ਸਮਝੌਤਾ' ਸਹੀਬੰਦ ਕੀਤਾ ਗਿਆ ਹੈ ਜਿਸਦਾ ਸਿਆਸੀ ਵਿਰੋਧੀਆਂ ਵਲੋਂ ਤਿੱਖਾ ਵਿਰੋਧ ਕਰਦਿਆਂ ਇਸਨੂੰ ਪੰਜਾਬ ਦੇ ਹਿੱਤ ਦਿੱਲੀ  ਹੱਥ ਵੇਚਣ ਅਤੇ ਆਪ ਸੁਪਰੀਮੋ ਨੂੰ ਅਸਿਧੇ ਰੂਪ ਵਿਚ ਪੰਜਾਬ ਦਾ ਮੁੱਖ ਮੰਤਰੀ ਬਣਾਏ ਜਾਣ ਦੇ ਦੋਸ਼ ਲਗਾਏ ਜਾ ਰਹੇ ਹਨ। ਉਧਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਇਸ ਸਮਝੌਤੇ ਨੂੰ ਇਤਿਹਾਸਕ ਸਮਝੌਤਾ ਕਰਾਰ ਦਿੰਦਿਆਂ ਇਸਨੂੰ ਦੋਵਾਂ ਰਾਜਾਂ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ ਦਾ ਜਾਮਨ ਦੱਸਿਆ ਜਾ ਰਿਹਾ ਹੈ। ਇਸ ਸਮਝੌਤੇ ਤਹਿਤ ਦੋਵੇਂ ਸਰਕਾਰਾਂ ਜਨਤਕ ਭਲਾਈ ਦੇ ਸਹਿਯੋਗ ਲਈ ਗਿਆਨ ਵਟਾਂਦਰੇ ਦੇ ਨਾਮ ਹੇਠ ਇਕ ਦੂਸਰੇ ਦੇ ਮੰਤਰੀਆਂ, ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਕ ਦੂਸਰੇ ਰਾਜਾਂ ਵਿਚ ਭੇਜ ਜਾਂ ਬੁਲਾ ਸਕਣਗੀਆਂ ਤੇ ਗਿਆਨ ਵਟਾਂਦਰੇ ਤਹਿਤ ਸਬੰਧਿਤ ਮਹਿਕਮਿਆਂ ਦੀਆਂ ਫਾਈਲਾਂ ਵੀ ਫਰੋਲ ਸਕਣਗੀਆਂ। ਇਹ ਸਭ ਦਾ ਮਕਸਦ ਇਕ ਦੂਸਰੇ ਦੇ ਗਿਆਨ, ਤਜੁਰਬੇ ਅਤੇ ਮੁਹਾਰਤ ਦਾ ਲਾਭ ਉਠਾਉਣਾ ਦੱਸਿਆ ਜਾ ਰਿਹਾ ਹੈ। ਇਸ 26 ਅਪ੍ਰੈਲ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਦਾ ਦੌਰਾ ਕਰਦਿਆਂ ਉਥੋਂ ਦੇ ਸਕੂਲਾਂ ਤੇ ਹਸਪਤਾਲਾਂ ਦੇ ਬੇਹਤਰੀਨ ਕੰਮਕਾਜ਼ ਤੋ ਪ੍ਰਭਾਵਿਤ ਹੁੰਦਿਆਂ ਜਿਥੇ ਦਿੱਲੀ ਦੇ ਮੁੱਖ ਮੰਤਰੀ ਨਾਲ ਉਕਤ 'ਗਿਆਨ ਵਟਾਂਦਰਾ ਸਮਝੌਤਾ' ਕੀਤਾ ਉਥੇ ਪੰਜਾਬ ਦੇ 117 ਹਲਕਿਆਂ ਵਿਚ ਦਿੱਲੀ ਦੀ ਤਰਜ਼ ਉਪਰ ਇਕ-ਇਕ ਸਕੂਲ ਅਤੇ ਮੁਹੱਲਾ ਕਲੀਨਿਕ ਖੋਹਲੇ ਜਾਣ ਦਾ ਵੀ ਐਲਾਨ ਕੀਤਾ। ਉਹਨਾਂ ਕਿਹਾ ਕਿ ਉਹ ਦਿੱਲੀ ਸਰਕਾਰ ਵਲੋਂ ਬਣਾਏ ਗਏ ਵਿਸ਼ਵ ਪੱਧਰੀ ਸਕੂਲਾਂ ਤੇ ਸਿਹਤ ਸਹੂਲਤਾਂ ਤੋਂ ਪ੍ਰਭਾਵਿਤ ਹਨ ਤੇ ਚਾਹੁੰਦੇ ਹਨ ਕਿ ਪੰਜਾਬ ਦੇ ਲੋਕਾਂ ਨੂੰ ਵੀ ਅਜਿਹੇ ਲਾਭ ਮਿਲਣ। ਉਹ ਸਮਝਦੇ ਹਨ ਕਿ ਸਾਨੂੰ ਦਿੱਲੀ ਤੋ ਕੁਝ ਚੰਗਾ ਸਿੱਖਣ ਦੀ ਲੋੜ ਹੈ। ਪੰਜਾਬ ਦਿੱਲੀ ਤੋ ਸਿੱਖਿਆ ਅਤੇ ਸਿਹਤ ਖੇਤਰ ਵਿਚ ਜਿਥੇ ਬੇਹਤਰ ਗਿਆਨ ਪ੍ਰਾਪਤ ਕਰੇਗਾ ਉਥੇ ਦਿੱਲੀ ਨੂੰ ਖੇਤੀ ਖੇਤਰ ਵਿਚ ਆਪਣੇ ਤਜੁਰਬਾ ਤੋ ਕੁਝ ਸਿਖਾਏਗਾ। ਪਰ ਉਹਨਾਂ ਇਹ ਨਹੀ ਦੱਸਿਆ ਕਿ ਦਿੱਲੀ ਸਰਕਾਰ ਆਪਣੀ ਪਹਿਲੀ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕਦ ਕਰਨ ਜਾ ਰਹੀ ਹੈ? ਉਹਨਾਂ ਵਿਰੋਧੀ ਪਾਰਟੀਆਂ ਤੇ ਆਗੂਆਂ ਵਲੋਂ ਦੋਵਾਂ ਰਾਜਾਂ ਵਿਚਾਲੇ ਇਸ ਸਮਝੌਤੇ ਦੀ ਕੀਤੀ ਜਾ ਰਹੀ ਆਲੋਚਨਾ ਦਾ ਮੂੰਹ ਬੰਦ ਕਰਦਿਆਂ ਕਿਹਾ ਹੈ ਕਿ ਉਹ ਪੰਜਾਬ ਨੂੰ ਬੇਹਤਰ ਪ੍ਰਬੰਧ ਦੇਣ ਲਈ ਹੋਰ ਰਾਜਾਂ ਤੇ ਮੁਲਕਾਂ ਦਾ ਵੀ ਦੌਰਾ ਕਰਨਗੇ ਤਾਂਕਿ ਦਿੱਲੀ ਵਾਂਗ ਹੋਰਾਂ ਤੋਂ ਵੀ ਕੁਝ ਸਿੱਖ ਸਕੀਏ। ਉਹਨਾਂ ਕਿਹਾ ਕਿ ਦਿੱਲੀ ਦੀ ਕੇਜਰੀਵਾਲ ਸਰਕਾਰ ਨੇ ਸਿੱਖਿਆ ਤੇ ਸਿਹਤ ਦੇ ਖੇਤਰ ਵਿਚ ਨਵੀਆਂ ਉਦਾਹਰਣਾਂ ਕਾਇਮ ਕੀਤੀਆਂ ਹਨ। ਉਹਨਾਂ ਨੇ ਸਿੱਖਿਆ ਵਿਚ ਸੁਧਾਰ ਲਈ ਆਪਣੇ ਟੀਚਰ ਫਿਨਲੈਂਡ, ਕੈਂਬਰਿਜ ਤੇ ਹੋਰ ਮਹੱਤਵਪੂਰਣ ਥਾਵਾਂ ਤੇ ਭੇਜਕੇ ਉਹਨਾਂ ਨੂੰ ਅਜਿਹੀ ਸਿਖਲਾਈ ਦਿਵਾਈ ਹੈ ਜਿਸਦਾ



ਤਜੁਰਬਾ ਦਿੱਲੀ ਦੇ ਸਕੂਲਾਂ ਵਿਚ ਬਹੁਤ ਹੀ ਸਫਲ ਰਿਹਾ ਹੈ। ਦਿੱਲੀ ਸਰਕਾਰ ਵਲੋਂ ਆਪਣੇ ਬਜਟ ਦਾ 25 ਪ੍ਰਤੀਸ਼ਤ ਸਿੱਖਿਆ ਉਪਰ ਖਰਚ ਕੀਤਾ ਜਾ ਰਿਹਾ ਹੈ ਜਦੋਂਕਿ ਪੰਜਾਬ ਜਿਥੇ 19 ਹਜ਼ਾਰ ਸਕੂਲ ਤੇ 25 ਲੱਖ ਤੋ ਉਪਰ ਵਿਦਿਆਰਥੀ ਹਨ, ਕੇਵਲ ਸਿਖਿਆ ਉਪਰ 2 ਪ੍ਰਤੀਸ਼ਤ ਖਰਚ ਰਿਹਾ ਹੈ। ਪੰਜਾਬ ਨੂੰ ਦਿੱਲੀ ਦੇ ਸਿੱਖਿਆ ਮਾਡਲ ਤੋ ਸਿੱਖਣ ਦੀ ਲੋੜ ਹੈ। ਇਸ ਤਰਾਂ ਸਿਹਤ ਦੇ ਖੇਤਰ ਵਿਚ ਵੀ ਪੰਜਾਬ ਕੋਲ ਮੈਡੀਕਲ ਮਾਹਿਰ ਅਤੇ ਪੈਰਾ ਮੈਡੀਕਲ ਸਟਾਫ ਮੌਜੂਦ ਹੈ ਪਰ ਉਹਨਾਂ ਨੂੰ ਅਤਿ ਆਧੁਨਿਕ ਸਿਹਤ ਸਹੂਲਤਾਂ ਮੁਤਾਬਿਕ ਅਪਡੇਟ ਕਰਨ ਦੀ ਲੋੜ ਹੈ। ਦਿੱਲੀ ਅਤੇ ਪੰਜਾਬ ਵਿਚਾਲੇ ਗਿਆਨ ਵਟਾਂਦਰਾ ਸਮਝੌਤੇ ਤਹਿਤ ਭਾਵੇਂਕਿ ਸਿਖਿਆ ਅਤੇ ਸਿਹਤ ਖੇਤਰਾਂ ਵਿਚ ਸਹਿਯੋਗ ਉਪਰ ਬਲ ਦਿੱਤਾ ਗਿਆ ਹੈ ਪਰ ਇਸ ਸਮਝੌਤੇ ਤਹਿਤ ਲਗਪਗ 18 ਵਿਭਾਗਾਂ ਵਿਚਾਲੇ ਸਹਿਯੋਗ ਦੀ ਗੱਲ ਕੀਤੀ ਗਈ ਹੈ ਜਿਸਦਾ ਸਿੱਧਾ ਅਰਥ ਹੈ ਕਿ ਸਿਖਿਆ, ਸਿਹਤ ਤੋ ਇਲਾਵਾ ਕਈ ਅਹਿਮ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਕਿਤੇ ਵੀ ਤਲਬ ਕੀਤੇ ਜਾ ਸਕਣਗੇ। ਸਮਝਿਆ ਜਾਂਦਾ ਹੈ ਕਿ ਆਪ ਸੁਪਰੀਮੋ ਕੇਜਰੀਵਾਲ ਵਲੋਂ ਪੰਜਾਬ ਦੇ ਉਚ ਅਧਿਕਾਰੀਆਂ ਦੀ 11 ਅਪ੍ਰੈਲ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰਹਾਜ਼ਰੀ ਵਿਚ ਦਿੱਲੀ ਬੁਲਾਈ ਗਈ ਮੀਟਿੰਗ ਉਪਰ ਉਠੇ ਬਵਾਲ ਉਪਰੰਤ ਇਹ ਨਵਾਂ ਹੱਲ ਖੋਜਿਆ ਗਿਆ ਹੈ। ਸ਼ਾਇਦ ਇਸ ਗਿਆਨ  ਵਟਾਂਦਰੇ ਸਮਝੌਤੇ ਤਹਿਤ ਪੰਜਾਬ ਦੇ ਅਧਿਕਾਰੀਆਂ, ਕਰਮਚਾਰੀਆਂ ਜਾਂ ਮੰਤਰੀਆਂ ਨੂੰ ਆਪ ਹਾਈਕਮਾਨ ਵਲੋਂ ਦਿੱਲੀ ਬੁਲਾਏ ਜਾਣ ਜਾਂ ਉਹਨਾਂ ਦੀਆਂ ਫਾਈਲਾਂ ਵਿਚ ਦਖਲ ਦੇਣ ਲਈ 'ਕਨੂੰਨੀ ਰਾਹ' ਕੱਢਿਆ ਗਿਆ ਹੈ। ਚਰਚਾ ਹੈ ਕਿ ਸਿਸਟਮ ਦੀਆਂ ਚੋਰ ਮੋਰੀਆਂ ਵਿਚੋ ਆਪਣੇ ਲਈ ਰਸਤਾ ਤਲਾਸ਼ਣਾ ਆਪ ਸੁਪਰੀਮੋ ਦੀ 'ਬਾਬੂਗਿਰੀ' ਦੀ ਇਹ ਉਮਦਾ ਮਿਸਾਲ ਹੈ। ਸਿਸਟਮ ਦੀ ਇਸ ਚੋਰੀ ਮੋਰੀ ਨੂੰ ਜਾਣਦਿਆਂ ਹੀ ਸ਼ਾਇਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸਦਾ ਤਿੱਖਾ ਵਿਰੋਧ ਕਰਦਿਆਂ ਦੋਸ਼ ਲਗਾਏ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਧੇ ਰੂਪ ਵਿਚ ਪੰਜਾਬ ਦੇ ਹਿੱਤ ਕੇਜਰੀਵਾਲ ਨੂੰ ਵੇਚ ਦਿੱਤੇ ਹਨ। ਕਿਹਾ ਜਾ ਸਕਦਾ ਹੈ ਕਿ ਇਸ ਸਮਝੌਤੇ ਦੀ ਆੜ ਵਿਚ ਕੇਜਰੀਵਾਲ ਪੰਜਾਬ ਦੇ ਅਸਿਧੇ ਰੂਪ ਵਿਚ ਮੁੱਖ ਮੰਤਰੀ ਬਣ ਗਏ ਹਨ। ਉਹਨਾਂ ਇਸ ਸਮਝੌਤੇ ਨੂੰ ਪੰਜਾਬ ਲਈ ਕਾਲਾ ਦਿਨ ਕਰਾਰ ਦਿੰਦਿਆਂ ਇਸਨੂੰ ਪੰਜਾਬ ਦੇ ਹਿੱਤਾਂ ਨਾਲ ਗੱਦਾਰੀ ਕਰਾਰ ਦਿੱਤਾ ਹੈ। ਉਹਨਾਂ ਹੋਰ ਕਿਹਾ ਕਿ ਇਸ ਸਮਝੌਤੇ ਦਾ ਸਿੱਧਾ ਅਰਥ ਹੈ ਕਿ ਹੁਣ ਪੰਜਾਬ ਦੇ ਮੰਤਰੀ ਅਤੇ ਉਚ ਅਧਿਕਾਰੀ ਸਿੱਧੇ ਰੂਪ ਵਿਚ ਕੇਜਰੀਵਾਲ ਨੂੰ ਜਵਾਬਦੇਹ ਹੋਣਗੇ। ਅਜਿਹਾ ਕਰਦਿਆਂ ਮੁੱਖ ਮੰਤਰੀ ਨੇ ਆਪਣੇ ਅਹੁਦੇ ਦੀ ਸੰਵਿਧਾਨਕਤਾ ਅਤੇ ਅਹੁਦੇ ਦੀ ਗੁਪਤਤਾ ਰੱਖੇ ਜਾਣ ਦੀ ਸਹੁੰ ਦੀ ਵੀ ਉਲੰਘਣਾ ਕੀਤੀ ਹੈ। ਮੰਤਰੀ ਜਾਂ ਉਚ ਅਧਿਕਾਰੀ ਜਦੋਂ ਸਰਕਾਰੀ ਫਾਈਲਾਂ ਲੈਕੇ ਆਪ ਸੁਪਰੀਮੋ ਜਾਂ ਦਿੱਲੀ ਦੇ ਅਧਿਕਾਰੀਆਂ ਅੱਗੇ ਰੱਖਣਗੇ ਤਾਂ ਪੰਜਾਬ ਦੇ ਹਿੱਤਾਂ ਦਾ ਕੀ ਬਣੇਗਾ? ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਤਾਂ ਇਸ ਸਮਝੌਤੇ ਨੂੰ ਅੰਗਰੇਜਾਂ ਵਲੋਂ ਪੰਜਾਬ ਵਿਚ 1846 ਵਿਚ ਕੀਤੇ ਗਏ ਕਬਜ਼ੇ ਨਾਲ ਤੁਲਨਾਇਆ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹ ਇਸ ਸਮਝੌਤੇ ਦੀ ਸੰਵਿਧਾਨਕ ਮਾਨਤਾ ਨੂੰ ਚੁਣੌਤੀ ਦਿੰਦਿਆਂ ਪੰਜਾਬ ਦੇ ਰਾਜਪਾਲ ਨੂੰ ਕਹਿਣਗੇ ਉਹ ਮੁੱਖ ਮੰਤਰੀ ਨੂੰ ਇਹ ਸਮਝੌਤਾ ਵਾਪਿਸ ਲੈਣ ਦੀ ਹਦਾਇਤ ਕਰਨ। ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁਗ ਨੇ ਵੀ ਇਸ ਸਮਝੌਤੇ ਉਪਰ ਹੈਰਾਨੀ ਪ੍ਰਗਟ ਕਰਦਿਆਂ ਇਸਨੂੰ ਅਣਹੋਣੀ ਘਟਨਾ ਕਰਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਲੋਂ ਇਸ ਗਿਆਨ ਵਟਾਂਦਰਾ ਸਮਝੌਤੇ ਦੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਆਗੂਆਂ ਦੁਆਰਾ ਕੀਤੀ ਜਾ ਰਹੀ ਆਲੋਚਨਾ ਨੂੰ ਸਿਆਸੀ ਨਜ਼ਰੀਏ ਤੋ ਕੋਈ ਜਿਵੇ ਵੀ ਲਵੇ ਪਰ ਇਸ ਸੱਚਾਈ ਤੋ ਮੁਨਕਰ ਹੋਣਾ ਮੁਮਕਿਨ ਨਹੀਂ ਕਿ ਇਹ ਸਮਝੌਤਾ ਦੋ ਰਾਜਾਂ ਦੇ ਲੋਕਾਂ ਦੀ ਭਲਾਈ ਨਾਲੋ ਵਧੇਰੇ ਆਪ ਸੁਪਰੀਮੋ ਦੀ ਪੰਜਾਬ ਮਾਮਲਿਆਂ ਉਪਰ ਪਕੜ ਨੂੰ ਮਜ਼ਬੂਤ ਕਰਨ ਤੇ ਪ੍ਰਸ਼ਾਸਨ ਕੰਟਰੋਲ ਦੀ ਸਹੂਲੀਅਤ ਵੱਲ ਵਧੇਰੇ ਕੇਂਦਰਿਤ ਹੈ। ਇਸ ਸਮਝੌਤੇ ਦੀ ਉਸਤਤਿ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੇ ਇਹ ਬੋਲ ਕਦਾਚਿਤ ਲੁਭਾਉਣੇ ਨਹੀਂ ਕਿ ਸਿਆਸੀ ਵਿਰੋਧੀ ਸੱਤਾ ਉਪਰ ਹੁੰਦਿਆਂ ਖੁਦ ਵੀ ਤਾਂ ਅਜਿਹੇ ਸਮਝੌਤੇ ਕਰਦੇ ਰਹੇ ਹਨ। ਉਹ ਇਹ ਤਾਂ ਕਹਿ ਰਹੇ ਹਨ ਕਿ ਬੀਤੇ ਵਿਚ ਸੂਬਾ ਸਰਕਾਰ ਕੈਨੇਡਾ, ਅਮਰੀਕਾ ਦੇ ਇਕ ਤੋ ਵੱਧ ਸੂਬਿਆਂ ਨਾਲ ਅਜਿਹੇ ਸਮਝੌਤੇ ਕਰ ਚੁੱਕੀ ਹੈ ਪਰ ਭਾਰਤ ਦੇ ਕਿਸੇ ਰਾਜ ਨਾਲ ਅਜਿਹੇ ਸਮਝੌਤੇ ਦਾ ਕੋਈ ਵੇਰਵਾ ਨਹੀਂ। ਵਿਸ਼ੇਸ਼ ਕਰਕੇ ਉਥੇ ਜਿਥੇ ਦੋ ਰਾਜਾਂ ਦੇ ਆਪਸੀ ਹਿੱਤ ਟਕਰਾਉਂਦੇ ਹੋਣ। ਉਹਨਾਂ ਪਾਸ ਸ਼ਾਇਦ ਇਸ ਗੱਲ ਦਾ ਕੋਈ ਜਵਾਬ ਨਹੀ ਹੈ ਕਿ ਪੰਜਾਬ ਦੇ ਪਾਣੀਆਂ, ਭਾਸ਼ਾਈ ਤੇ ਹੋਰ ਮੁੱਦਿਆਂ ਉਪਰ ਗਵਾਂਢੀ ਰਾਜਾਂ ਨਾਲ ਟਕਰਾਅ ਦੀ ਸੂਰਤ ਵਿਚ ਉਹਨਾਂ ਦਾ ਐਮ ਓ ਯੂ ਕਿਥੇ ਖੜਾ ਹੈ?






# ਆਮ ਆਦਮੀ ਪਾਰਟੀ ਨੇ ਨਿਗਮ ਚੋਣਾਂ ਲਈ ਤਿਆਰੀ ਖਿੱਚੀ

ਚੰਡੀਗੜ੍ਹ-ਪੰਜਾਬ ਵਿੱਚ ਹੋਣ ਵਾਲੀਆਂ ਆਗਾਮੀ ਨਗਰ ਨਿਗਮ ਦੀਆਂ ਚੋਣਾਂ ਲਈ ਆਮ ਆਦਮੀ ਪਾਰਟੀ ਨੇ ਤਿਆਰੀ ਖਿੱਚ ਲਈ ਹੈ। ਅੱਜ 'ਆਪ' ਪੰਜਾਬ ਦੇ ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਅਤੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ 6 ਜ਼ਿਲ੍ਹਿਆਂ ਦੇ ਵਿਧਾਇਕਾਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਕਰ ਕੇ ਚੋਣਾਂ ਦੀ ਰਣਨੀਤੀ ਤਿਆਰ ਕੀਤੀ ਹੈ। ਮੀਟਿੰਗ ਵਿੱਚ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੋਗਾ ਅਤੇ ਕਪੂਰਥਲਾਂ ਤੋਂ ਵਿਧਾਇਕ ਅਤੇ ਹੋਰ ਅਹੁਦੇਦਾਰ ਵੀ ਹਾਜ਼ਰ ਰਹੇ। ਇਸ ਮੌਕੇ ਸਾਰਿਆਂ ਨੂੰ ਨਿਗਮ ਚੋਣਾਂ ਤੋਂ ਪਹਿਲਾਂ ਹੋਣ ਵਾਲੀ ਵਾਰਡਬੰਦੀ ਸਹੀ ਢੰਗ ਨਾਲ ਕਰਵਾਉਣ ਅਤੇ ਚੋਣਾਂ ਲਈ ਇਮਾਨਦਾਰ ਚਿਹਰਿਆਂ ਦੀ ਭਾਲ ਕਰਨ 'ਤੇ ਜ਼ੋਰ ਦਿੱਤਾ ਗਿਆ। ਜਰਨੈਲ ਸਿੰਘ ਨੇ ਕਿਹਾ ਕਿ ਨਿਗਮ ਚੋਣਾਂ ਵਿੱਚ ਪਾਰਟੀ ਸਾਰੀਆਂ ਸੀਟਾਂ 'ਤੇ ਇਮਾਨਦਾਰ ਉਮੀਦਵਾਰ ਉਤਾਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਫ਼ੈਸਲਿਆਂ ਅਤੇ ਕੰਮਾਂ ਦਾ ਅਸਰ ਨਗਰ ਨਿਗਮ ਚੋਣਾਂ 'ਤੇ ਜ਼ਰੂਰ ਪਵੇਗਾ ਅਤੇ ਪਾਰਟੀ ਨੂੰ ਇਸ ਦਾ ਲਾਭ ਵੀ ਮਿਲੇਗਾ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਵਿਧਾਨ ਸਭਾ ਚੋਣਾਂ ਦੀ ਤਰ੍ਹਾਂ ਨਿਗਮ ਚੋਣਾਂ ਵਿੱਚ ਵੀ ਸ਼ਾਨਦਾਰ ਜਿੱਤ ਦਰਜ ਕਰੇਗੀ ਅਤੇ ਚਾਰੋਂ ਨਿਗਮਾਂ 'ਚ ਆਪਣੇ ਮੇਅਰ ਬਣਾਏਗੀ। ਜਾਣਕਾਰੀ ਮੁਤਾਬਕ ਇਸ ਸਾਲ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਮੋਗਾ ਅਤੇ ਕਪੂਰਥਲਾ ਵਿੱਚ ਨਗਰ ਨਿਗਮ ਅਤੇ ਮਿਉਂਸਿਪਲ ਕਮੇਟੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 117 ਵਿੱਚੋਂ 92 ਸੀਟਾਂ 'ਤੇ ਜਿੱਤ ਹਾਸਲ ਕਰਨ ਤੋਂ ਬਾਅਦ 'ਆਪ' ਲਈ ਨਿਗਮ ਚੋਣਾਂ ਜਿੱਤਣਾ ਵੀ ਵੱਕਾਰ ਦਾ ਸਵਾਲ ਬਣ ਗਿਆ ਹੈ।

# ਸਾਬਕਾ ਮੁੱਖ ਮੰਤਰੀ ਬੀਬੀ ਭੱਠਲ ਤੋਂ 25 ਸਾਲ ਬਾਅਦ ਸਰਕਾਰੀ ਕੋਠੀ ਖਾਲੀ ਕਰਵਾਈ

ਚੰਡੀਗੜ੍ਹ (ਭੰਗੂ)-ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੂੰ ਕਰੀਬ ਤਿੰਨ ਦਹਾਕੇ ਮਗਰੋਂ ਸਰਕਾਰੀ ਕੋਠੀ ਛੱਡਣੀ ਪਈ ਹੈ। ਹਾਰਾਂ-ਜਿੱਤਾਂ ਦਾ ਦੌਰ ਵੀ ਹੁਣ ਤੱਕ ਬੀਬੀ ਭੱਠਲ ਤੋਂ ਇਹ ਕੋਠੀ ਖ਼ਾਲੀ ਨਹੀਂ ਸੀ ਕਰਾ ਸਕਿਆ। 'ਆਪ' ਸਰਕਾਰ ਨੇ ਬੀਬੀ ਭੱਠਲ ਨੂੰ 5 ਮਈ ਤੱਕ ਸੈਕਟਰ ਦੋ ਵਿਚਲੀ ਕੋਠੀ ਨੰਬਰ ਅੱਠ ਨੂੰ ਖ਼ਾਲੀ ਕਰਨ ਦਾ ਨੋਟਿਸ ਜਾਰੀ ਕੀਤਾ ਸੀ। ਨੋਟਿਸ ਦੀ ਆਖ਼ਰੀ ਤਾਰੀਖ਼ ਸੀ ਅਤੇ ਇਸੇ ਦੌਰਾਨ ਬੀਬੀ ਭੱਠਲ ਆਪਣਾ ਸਾਜ਼ੋ-ਸਾਮਾਨ ਸਰਕਾਰੀ ਬੰਗਲੇ 'ਚੋਂ ਲੈ ਗਏ ਹਨ। ਬੀਬੀ ਭੱਠਲ ਕੋਲ ਬੇਸ਼ੱਕ ਸਰਕਾਰੀ ਕੋਠੀ 1992 ਤੋਂ ਸੀ ਪ੍ਰੰਤੂ ਮੌਜੂਦਾ ਕੋਠੀ ਨੰਬਰ ਅੱਠ ਕਰੀਬ ਅੱਠ ਵਰ੍ਹਿਆਂ ਮਗਰੋਂ ਖ਼ਾਲੀ ਕੀਤੀ ਹੈ। ਬੀਬੀ ਭੱਠਲ ਲਈ ਸਰਕਾਰੀ ਬੰਗਲਾ ਹਮੇਸ਼ਾ ਕਿਸੇ ਨਾ ਕਿਸੇ ਵਿਵਾਦ ਦਾ ਕਾਰਨ ਬਣਿਆ ਰਿਹਾ। ਸੂਤਰ ਦੱਸਦੇ ਹਨ ਕਿ ਜਦੋਂ 'ਆਪ' ਸਰਕਾਰ ਨੇ ਹੁਣ ਕੋਠੀ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਅੱਗਿਓਂ ਬੀਬੀ ਭੱਠਲ ਨੇ ਤਰਕ ਦਿੱਤਾ ਕਿ ਉਹ ਪੰਜਾਬ ਰਾਜ ਯੋਜਨਾਬੰਦੀ ਬੋਰਡ ਦੇ ਵਾਈਸ ਚੇਅਰਮੈਨ ਹਨ। ਮੌਜੂਦਾ ਸਰਕਾਰ ਨੇ ਇਹ ਬੋਰਡ ਹੀ ਭੰਗ ਕਰ ਦਿੱਤਾ। ਉਸ ਮਗਰੋਂ ਬੀਬੀ ਭੱਠਲ ਕੋਲ ਸਿਵਾਏ ਸਰਕਾਰੀ ਕੋਠੀ ਖ਼ਾਲੀ ਕਰਨ ਤੋਂ ਕੋਈ ਚਾਰਾ ਨਹੀਂ ਬਚਿਆ। ਮੁੱਖ ਮੰਤਰੀ ਭਗਵੰਤ ਮਾਨ ਕਈ ਦਿਨਾਂ ਤੋਂ ਆਪਣੇ ਭਾਸ਼ਨਾਂ ਵਿਚ ਇਸ ਕੋਠੀ ਦਾ ਜ਼ਿਕਰ ਕਰਨਾ ਨਹੀਂ ਭੁੱਲਦੇ ਸਨ। ਜਾਣਕਾਰੀ ਅਨੁਸਾਰ ਬੀਬੀ ਭੱਠਲ ਜਦੋਂ 1992 ਵਿਚ ਕੈਬਨਿਟ ਮੰਤਰੀ ਬਣੇ ਸਨ, ਉਦੋਂ ਉਨ੍ਹਾਂ ਨੂੰ ਸਰਕਾਰੀ ਕੋਠੀ ਅਲਾਟ ਹੋਈ ਸੀ। ਜਦੋਂ ਉਹ 1997 'ਚ



ਵਿਰੋਧੀ ਧਿਰ ਦੇ ਨੇਤਾ ਬਣੇ ਤਾਂ ਉਨ੍ਹਾਂ ਕੋਲ ਕੋਠੀ ਨੰਬਰ 46 ਸੀ। 2002 ਵਿਚ ਉਹ ਮੁੜ ਮੰਤਰੀ ਬਣੇ ਤਾਂ ਬੰਗਲਾ ਕੋਲ ਹੀ ਰਿਹਾ। ਇਸੇ ਤਰ੍ਹਾਂ ਬੀਬੀ ਭੱਠਲ ਕੋਲ 2007 ਤੋਂ 2012 ਤੱਕ ਵੀ ਸਰਕਾਰੀ ਬੰਗਲਾ ਮੌਜੂਦ ਰਿਹਾ। ਜਦੋਂ 2013 ਵਿੱਚ ਕੋਠੀ ਨੰਬਰ 46 ਉਦੋਂ ਬਤੌਰ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਅਲਾਟ ਕਰ ਦਿੱਤੀ ਗਈ ਤਾਂ ਬੀਬੀ ਭੱਠਲ ਨੇ ਕੋਠੀ ਖ਼ਾਲੀ ਕਰਨ ਤੋਂ ਇਨਕਾਰ ਕਰ ਦਿੱਤਾ। ਕਰੀਬ ਅੱਠ ਮਹੀਨੇ ਪਿੱਛੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਲੋਕ ਹਿੱਤ ਪਟੀਸ਼ਨ ਦਾਇਰ ਹੋ ਗਈ ਸੀ। ਹਾਈ ਕੋਰਟ ਨੇ ਕੋਠੀ ਖ਼ਾਲੀ ਕਰਨ ਦਾ ਫ਼ੈਸਲਾ ਸੁਣਾ ਦਿੱਤਾ। ਉਦੋਂ ਹੀ ਬੀਬੀ ਭੱਠਲ ਨੂੰ 84 ਲੱਖ ਰੁਪਏ ਦਾ ਪੀਨਲ ਰੈਂਟ ਪਾ ਦਿੱਤਾ ਗਿਆ ਸੀ। ਜੁਲਾਈ 2013 ਵਿੱਚ ਕੋਠੀ ਨੰਬਰ 46 ਸੁਨੀਲ ਜਾਖੜ ਨੂੰ ਮਿਲ ਗਈ ਸੀ। ਸੂਤਰ ਦੱਸਦੇ ਹਨ ਕਿ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਦੋਂ ਕੋਠੀ ਨੰਬਰ 46 ਵਿੱਚ ਬੀਬੀ ਭੱਠਲ ਨੂੰ ਹੀ ਰੱਖਣਾ ਚਾਹੁੰਦੇ ਸਨ। ਉਸ ਮਗਰੋਂ ਬਾਦਲ ਨੇ ਬੀਬੀ ਭੱਠਲ ਨੂੰ ਕੋਠੀ ਨੰਬਰ ਅੱਠ ਅਲਾਟ ਕਰ ਦਿੱਤੀ ਸੀ ਜੋ ਅੱਜ ਖ਼ਾਲੀ ਕਰਨੀ ਪਈ ਹੈ। ਜਦੋਂ ਬੀਬੀ ਭੱਠਲ 2017 ਵਿਚ ਲਹਿਰਾਗਾਗਾ ਤੋਂ ਚੋਣ ਹਾਰ ਗਏ ਸਨ ਤਾਂ ਉਸ ਮਗਰੋਂ 2018 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਪੰਜਾਬ ਰਾਜ ਯੋਜਨਾਬੰਦੀ ਬੋਰਡ ਦੀ ਵਾਈਸ ਚੇਅਰਮੈਨ ਬਣਾ ਦਿੱਤਾ ਸੀ।

# ਭਾਰਤ ਵਿਚ ਕੋਵਿਡ ਕਾਰਣ 47 ਲੱਖ ਤੋ ਉਪਰ ਮੌਤਾਂ

ਨਵੀਂ ਦਿੱਲੀ-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕੋਵਿਡ-19 ਜਾਂ ਇਸ ਦੇ ਪ੍ਰਭਾਵਾਂ ਕਾਰਨ ਭਾਰਤ ਵਿੱਚ 47 ਲੱਖ ਮੌਤਾਂ ਹੋਣ ਦੇ ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਦੇ ਅਨੁਮਾਨ ਬਾਰੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ 'ਵਿਗਿਆਨ ਝੂਠ ਨਹੀਂ ਬੋਲਦਾ, ਮੋਦੀ ਬੋਲਦੇ ਹੈਂ'। ਰਾਹੁਲ ਨੇ ਟਵੀਟ ਕੀਤਾ, 'ਕੋਵਿਡ-19 ਮਹਾਮਾਰੀ ਕਾਰਨ 47 ਲੱਖ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ, ਜਦੋਂ ਕਿ ਸਰਕਾਰ ਨੇ 4.8 ਲੱਖ ਮੌਤਾਂ ਦਾ ਦਾਅਵਾ ਕੀਤਾ ਹੈ। ਵਿਗਿਆਨ ਝੂਠ ਨਹੀਂ ਬੋਲਦਾ, ਮੋਦੀ ਬੋਲਦੇ ਹਨ।

# ਸਾਬਕਾ ਡੀ.ਸੀ. ਦੇ ਪਰਿਵਾਰ ਤੋਂ 22 ਏਕੜ ਜ਼ਮੀਨ ਦਾ ਕਬਜ਼ਾ ਛੁਡਵਾਇਆ

ਜਲੰਧਰ (ਪਾਲ ਸਿੰਘ ਨੌਲੀ)-ਪੰਚਾਇਤ ਵਿਭਾਗ ਨੇ ਅੱਜ ਜ਼ਿਲ੍ਹੇ 'ਚ ਇਕ ਸਾਬਕਾ ਡਿਪਟੀ ਕਮਿਸ਼ਨਰ ਦੇ ਪਰਿਵਾਰ ਵੱਲੋਂ ਦੱਬੀ ਗਈ 22 ਏਕੜ ਜ਼ਮੀਨ ਤੋਂ ਕਬਜ਼ਾ ਛੁਡਵਾਇਆ। ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਇਥੇ ਸਰਕਟ ਹਾਊਸ ਵਿੱਚ ਮੀਡੀਆ ਨੂੰ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਭੋਗਪੁਰ ਬਲਾਕ ਵਿੱਚ ਪੈਂਦੇ ਪਿੰਡ ਬੁੱਲ੍ਹੋਵਾਲ 'ਚ ਇੱਕ ਸਾਬਕਾ ਡਿਪਟੀ ਕਮਿਸ਼ਨਰ ਨੇ ਇਹ ਸਰਕਾਰੀ ਜ਼ਮੀਨ 1987 ਤੋਂ ਆਪਣੇ ਕਬਜ਼ੇ ਹੇਠ ਲਈ ਹੋਈ ਸੀ ਤੇ ਹੁਣ ਸਾਬਕਾ ਅਧਿਕਾਰੀ ਦੀ ਮੌਤ ਮਗਰੋਂ ਉਸ ਦੇ ਪਰਿਵਾਰ ਦਾ ਕਬਜ਼ਾ ਸੀ। ਪੰਚਾਇਤ ਮੰਤਰੀ ਨੇ ਦੱਸਿਆ ਕਿ ਪੰਜਾਬ ਭਰ ਵਿੱਚ ਹੁਣ ਤੱਕ 100 ਏਕੜ ਤੋਂ ਵੱਧ ਪੰਚਾਇਤੀ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਾਏ ਗਏ ਹਨ। ਪਿਛਲੇ ਦੋ ਦਿਨਾਂ ਵਿੱਚ 79 ਏਕੜ ਤੇ ਇੱਕ ਕਨਾਲ ਜ਼ਮੀਨ ਤੋਂ ਕਬਜ਼ੇ ਹਟਾਏ ਗਏ ਹਨ, ਜਿਨ੍ਹਾਂ ਵਿੱਚ 62 ਏਕੜ ਸਿਰਫ਼ ਜਲੰਧਰ ਡਿਵੀਜ਼ਨ 'ਚ ਹੈ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਛੁਡਵਾਈਆਂ ਜਾ ਰਹੀਆਂ ਜ਼ਮੀਨਾਂ ਵਿੱਚੋਂ ਖੇਤੀਬਾੜੀ ਵਾਲੀਆਂ ਜ਼ਮੀਨਾਂ ਨੂੰ ਨਿਯਮਾਂ ਅਨੁਸਾਰ ਮੁੜ ਵਾਹੀ ਲਈ ਦਿੱਤਾ ਜਾਵੇਗਾ, ਜਦਕਿ ਵਪਾਰਕ ਜ਼ਮੀਨਾਂ ਨੂੰ ਵਪਾਰਕ ਵਰਤੋਂ ਦੇ ਨਾਲ-ਨਾਲ ਮਾਰਕਿਟ ਆਦਿ ਬਣਾ ਕੇ ਸਰਕਾਰ ਦੀ ਆਮਦਨੀ ਵਿੱਚ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਜ਼ਮੀਨਾਂ ਵੇਚੀਆਂ ਜਾ ਸਕਦੀਆਂ ਹੋਣਗੀਆਂ, ਉਨ੍ਹਾਂ ਨੂੰ ਵੇਚ ਕੇ ਸਰਕਾਰੀ ਖਜ਼ਾਨੇ ਨੂੰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਵੀ ਦੱਬੀਆਂ ਗਈਆਂ ਸਰਕਾਰੀ ਜ਼ਮੀਨਾਂ ਛੁਡਵਾਈਆਂ ਜਾਣਗੀਆਂ। ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ 'ਤੇ ਕੁਲ ਨਜਾਇਜ਼ ਕਬਜ਼ਿਆਂ ਦੀ ਗਿਣਤੀ ਸਬੰਧੀ ਪੰਚਾਇਤ ਮੰਤਰੀ ਨੇ ਦੱਸਿਆ ਕਿ 2010 ਵਿੱਚ ਇਸ ਬਾਰੇ ਤਿਆਰ ਕੀਤੀ ਰਿਪੋਰਟ ਅਨੁਸਾਰ ਸੂਬੇ ਭਰ ਵਿੱਚ 50,000 ਏਕੜ ਤੋਂ ਵੱਧ ਪੰਚਾਇਤੀ ਜ਼ਮੀਨ ਨਾਜਾਇਜ਼ ਕਬਜ਼ਿਆਂ ਹੇਠ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ 2021 ਤੱਕ ਦਾ ਡਾਟਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਕਬਜ਼ਿਆਂ ਦੀ ਅਸਲ ਤੇ ਮੌਜੂਦਾ ਸਥਿਤੀ ਪਤਾ ਲੱਗ ਸਕੇ। ਉਨ੍ਹਾਂ ਕਿਹਾ ਕਿ ਛੇਤੀ ਹੀ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ਿਆਂ ਸਬੰਧੀ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਪ੍ਰਾਪਤ ਕਰ ਕੇ ਕਾਰਵਾਈ ਕੀਤੀ ਜਾਵੇਗੀ।


ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)



ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.



India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ



ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।







604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca



idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



# ਸੁਰਜੀਤ ਹਾਕੀ ਸੁਸਾਇਟੀ ਦੇਸ਼ ਦੀ ਇਕ ਸਿਰਮੌਰ ਹਾਕੀ ਸੰਸਥਾ-ਗੈਰੀ ਜੌਹਲ (ਕੈਨੇਡਾ)

ਸਰੀ-39ਵੇਂ ਸੁਰਜੀਤ ਹਾਕੀ ਟੂਰਨਾਂਮੈਂਟ ਦੇ ਫਾਈਨਲ ਲਈ ਸੰਸਾਰ ਪ੍ਰਸਿੱਧ ਪੰਜਾਬੀ ਨਾਮੀ ਕਲਾਕਾਰ ਕ੍ਰਮਵਾਰ ਬੱਬੂ ਮਾਨ ਅਤੇ ਸਿੱਧੂ ਮੂਸੇਵਾਲਾ ਨਾਲ ਗੱਲ੍ਹ ਕਰਕੇ ਜਲਦ ਸਿੰਗਰ ਫਾਈਨਲ ਕਰ ਲਿਆ ਜਾਵੇਗਾ । ਬੀਤੀ ਸ਼ਾਮ ਸੁਰਜੀਤ ਹਾਕੀ ਸੁਸਾਇਟੀ ਦੀ ਕੋਰ ਕਮੇਟੀ ਅਤੇ ਸੀਨੀਅਰ ਫਾਉਂਡਰ ਮੈਂਬਰ ਲਖਵਿੰਦਰ ਪਾਲ ਸਿੰਘ ਖੈਰਾ ਵੱਲੋਂ ਸੁਰਜੀਤ ਹਾਕੀ ਸੁਸਾਇਟੀ ਦੇ ਕਲਚਰਲ ਕਮੇਟੀ ਦੇ ਚੈਅਰਮੈਨ ਤੇ ਐਨ.ਆਰ.ਆਈ. ਗੈਰੀ ਜੌਹਲ (ਕੈਨੇਡਾ) ਦੀ ਆਮਦ ਉਪਰ, ਉਹਨਾਂ ਨੇ ਆਪਣੇ ਨਿਵਾਸ ਸਥਾਨ ਵਿਖੇ ਇਕ ਸਾਦੇ ਪਰ ਪ੍ਰਭਾਵਸ਼ਾਲੀ ਵਿਸ਼ੇਸ਼ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਵਿੱਚ ਸੁਰਜੀਤ ਹਾਕੀ ਸੁਸਾਇਟੀ ਦੀ ਕੋਰ ਕਮੇਟੀ ਅਤੇ ਫਾਉਂਡਰ ਮੈਂਬਰ ਰਾਮ ਪ੍ਰਤਾਪ, ਸੁਰਿੰਦਰ ਸਿੰਘ ਭਾਪਾ, ਇਕਬਾਲ ਸਿੰਘ ਸੰਧੂ, ਰਣਬੀਰ ਸਿੰਘ ਰਾਣਾ ਟੁੱਟ ਅਤੇ ਗੁਰਵਿੰਦਰ ਸਿੰਘ ਗੁੱਲੂ ਵਿਸ਼ੇਸ਼ ਤੌਰ ਪਰ ਹਾਜਿਰ ਆਏ । ਇਸ ਮੌਕੇ ਉਪਰ ਸੁਰਜੀਤ ਹਾਕੀ ਸੁਸਾਇਟੀ ਦੇ ਕਲਚਰਲ ਕਮੇਟੀ ਦੇ ਚੈਅਰਮੈਨ ਤੇ ਐਨ.ਆਰ.ਆਈ. ਗੈਰੀ ਜੌਹਲ (ਕੈਨੇਡਾ) ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੁਰਜੀਤ ਹਾਕੀ ਸੁਸਾਇਟੀ ਦੇਸ਼ ਦੀ ਇਕ ਸਿਰਮੌਰ ਹਾਕੀ ਸੰਸਥਾ ਹੈ ਅਤੇ ਇਸ ਨਾਲ ਲੰਬੇ ਸਮੇਂ ਤੋਂ ਜੁੜੇ ਰਹਿਣਾ ਉਹਨਾਂ ਲਈ ਮਾਣ ਦੀ ਗੱਲ ਹੈ । ਉਹਨਾਂ ਕਿਹਾ ਕਿ ਇਸ ਵਾਰ 39ਵੇਂ ਸੁਰਜੀਤ ਹਾਕੀ ਟੂਰਨਾਂਮੈਂਟ ਦੇ ਫਾਈਨਲ ਵਾਲੇ ਦਿਨ, ਹਰ ਸਾਲ ਦੀ ਤਰ੍ਹਾਂ, ਫਾਈਨਲ ਮੈਚ ਤੋਂ ਪਹਿਲਾਂ, ਇਸ ਸਾਲ ਵੀ ਨਾਮੀ ਕਲਾਕਰ ਆਪਣੇ ਫੰਨ ਦਾ ਮੁਜ਼ਾਹਰਾ ਕਰਨਗੇ । ਗੈਰੀ ਨੇ ਅੱਗੇ ਕਿਹਾ ਕਿ ਇਸ ਸਬੰਧ ਵਿਚ ਸੰਸਾਰ ਪ੍ਰਸਿੱਧ ਪੰਜਾਬੀ ਨਾਮੀ ਕਲਾਕਾਰ ਕ੍ਰਮਵਾਰ ਬੱਬੂ ਮਾਨ ਅਤੇ ਸਿੱਧੂ ਮੂਸੇਵਾਲਾ ਨਾਲ ਗੱਲ੍ਹ ਕਰਕੇ ਜਲਦ ਸਿੰਗਰ ਫਾਈਨਲ ਕਰ ਲਿਆ ਜਾਵੇਗਾ । ਵਰਨਣਯੋਗ ਹੈ ਕਿ ਕੈਨੇਡਾ ਤੋਂ ਉਘੇ ਕਾਰੋਬਾਰੀ ਤੇ ਖੇਡ ਪ੍ਰਮੋਟਰ ਗੈਰੀ ਜੌਹਲ ਕਰੀਬ ਪਿਛਲੇ 15 ਸਾਲਾਂ ਤੋਂ ਸੁਰਜੀਤ ਹਾਕੀ ਸੁਸਾਇਟੀ ਨਾਲ ਬਤੌਰ ਚੈਅਰਮੈਨ, ਕਲਚਰਲ ਕਮੇਟੀ ਜੁੜੇ ਹੋਏ ਹਨ ਅਤੇ ਕਲਚਰਕਲ ਪ੍ਰੋਗਰਾਮ ਅਧੀਨ ਹਰ ਵਾਰ ਨਾਮੀ ਸਿੰਗਰ ਉਹਨਾਂ ਵੱਲੋਂ ਸਪਾਂਸਰ ਕੀਤਾ ਜਾਂਦਾ ਹੈ । ਇਸ ਮੌਕੇ ਉਪਰ ਜਿੱਥੇ ਸੁਰਜੀਤ ਹਾਕੀ ਸੁਸਾਇਟੀ ਦੀ ਕੋਰ ਕਮੇਟੀ ਅਤੇ ਫਾਉਂਡਰ ਮੈਂਬਰ ਲਖਵਿੰਦਰ ਪਾਲ ਸਿੰਘ ਖੈਰਾ, ਰਾਮ ਪ੍ਰਤਾਪ, ਸੁਰਿੰਦਰ ਸਿੰਘ ਭਾਪਾ, ਇਕਬਾਲ ਸਿੰਘ ਸੰਧੂ, ਰਣਬੀਰ ਸਿੰਘ ਰਾਣਾ ਟੁੱਟ ਅਤੇ ਗੁਰਵਿੰਦਰ ਸਿੰਘ ਗੁੱਲੂ ਵੱਲੋਂ ਸਾਂਝੇ ਤੌਰ ਉਪਰ ਗੈਰੀ ਜੌਹਲ ਦੀਆਂ ਸੁਸਾਇਟੀ ਪ੍ਰਤੀ ਪ੍ਰਾਪਤੀਆਂ ਲਈ ਵਿਸ਼ੇਸ਼ ਤੌਰ ਉੱਤੇ ਸਨਮਾਨਿਤ ਕੀਤਾ ਗਿਆ ਉਥੇ ਬਾਕੀ ਮੈਂਬਰਾਂ ਤਰਫੋ ਇਕਬਾਲ ਸਿੰਘ ਸੰਧੂ ਨੇ ਫਾਉਂਡਰ ਤੇ ਸੀਨੀਅਰ ਮੈਂਬਰ ਲਖਵਿੰਦਰ ਪਾਲ ਸਿੰਘ ਖੈਰਾ ਦਾ ਆਪਣੇ ਨਿਵਾਸ ਉਪਰ ਇਸ ਵਿਸ਼ੇਸ਼ ਸਮਾਗਮ ਦੇ ਆਯੋਜਨ ਕਰਨ ਉਪਰ ਧੰਨਵਾਦ ਵੀ ਕੀਤਾ ਗਿਆ ।

## ਸਰੀ ਵਿਚ ਜਾਮੀਆ ਮਸਜਿਦ ਦੇ ਬਾਹਰ ਵਾਪਰੀ ਘਟਨਾ ਨਸਲੀ ਨਫ਼ਰਤ ਤੋਂ ਪ੍ਰੇਰਿਤ ਨਹੀਂ ਸੀ-ਪੁਲਿਸ



ਸਰੀ (ਹਰਦਮ ਮਾਨ)-ਸਰੀ ਵਿਚ ਬੁੱਧਵਾਰ ਦੀ ਸ਼ਾਮ ਨੂੰ 72 ਐਵੀਨਿਊ ਅਤੇ 124 ਸਟਰੀਟ ਤੇ ਸਥਿਤ ਸਰੀ ਜਾਮੀਆ ਮਸਜਿਦ ਵਿਚ ਸ਼ਾਮ ਦੀ ਨਮਾਜ਼ ਅਦਾ ਕਰਕੇ ਬਾਹਰ ਪੈਦਲ ਜਾ ਰਹੇ ਮੁਸਲਿਮ ਭਾਈਚਾਰੇ ਦੇ ਤਿੰਨ ਵਿਅਕਤੀਆਂ ਉਪਰ ਕਾਰ ਸਵਾਰਾਂ ਵੱਲੋਂ ਪਾਣੀ ਸੁੱਟਣ ਅਤੇ ਫਿਰ ਉਨ੍ਹਾਂ ਉਪਰ ਕਾਰ ਚੜ੍ਹਾਉਣ ਦੀ ਹਰਕਤ ਕਰਨ ਦੀ ਘਟਨਾ ਦੀ ਜਿੱਥੇ ਸਾਰੇ ਭਾਈਚਾਰਿਆਂ ਵੱਲੋਂ ਸਖਤ ਨਿਖੇਧੀ ਕੀਤੀ ਜਾ ਰਹੀ ਹੈ ਉੱਥੇ ਹੀ ਪੁਲਿਸ ਵੱਲੋਂ ਜਾਰੀ ਪ੍ਰੈਸ ਰਿਲੀਜ਼ ਵਿਚ ਅੱਜ ਕਿਹਾ ਗਿਆ ਹੈ ਕਿ ਇਹ ਘਟਨਾ ਨਸਲੀ ਨਫ਼ਰਤ ਤੋਂ ਪ੍ਰੇਰਿਤ ਨਹੀਂ ਸੀ ਸਗੋਂ ਅਜਿਹੀ ਹਰਕਤ ਕਰਨ ਵਾਲੇ ਦੋ ਸ਼ੱਕੀ ਨੌਜਵਾਨ ਮੁਸਲਿਮ ਭਾਈਚਾਰੇ ਨਾਲ ਹੀ ਸਬੰਧਤ ਹਨ ਅਤੇ ਉਹ ਪੁਲਿਸ ਨੂੰ ਜਾਂਚ ਪੜਤਾਲ ਵਿਚ ਵੀ ਸਹਿਯੋਗ ਦੇ ਰਹੇ ਹਨ। ਵਰਨਣਯੋਗ ਹੈ ਕਿ ਬੀਸੀ ਦੇ ਵੱਖ ਵੱਖ ਰਾਜਨੀਤਕ ਆਗੂਆਂ, ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸਰੀ ਵਿਚ ਵਾਪਰੀ ਇਸ ਘਟਨਾ ਨੂੰ ਬਹੁਤ ਹੀ ਮੰਦਭਾਗੀ ਦਸਦਿਆਂ ਕਿਹਾ ਹੈ ਕਿ ਸਰੀ ਵਿਚ ਸਾਰੇ ਭਾਈਚਾਰਿਆਂ ਦੇ ਲੋਕ ਬਹੁਤ ਹੀ ਮੁਹੱਬਤ ਪਿਆਰ ਨਾਲ ਰਹਿ ਰਹੇ ਹਨ ਅਤੇ ਇੱਥੇ ਕਦੇ ਵੀ ਅਜਿਹੀ ਘਟਨਾ ਨਹੀਂ ਵਾਪਰੀ ਜਿਸ ਕਾਰਨ ਸਰੀ ਦੇ ਹਰ ਇਕ ਵਸਨੀਕ ਨੂੰ ਬਹੁਤ ਠੇਸ ਲੱਗੀ ਹੈ। ਕੈਨੇਡੀਅਨ ਮੁਸਲਮਾਨਾਂ ਦੀ ਨੈਸ਼ਨਲ ਕੌਂਸਲ, ਬੀ.ਸੀ. ਮੁਸਲਿਮ ਐਸੋਸੀਏਸ਼ਨ ਨੇ ਵੀ ਇਸ ਨੂੰ ਬਹੁਤ ਚਿੰਤਾਜਨਕ ਕਿਹਾ ਹੈ।

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਉਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਉਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site (Even to the Moon)
"Where the Builders Buy"

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592
Save Commissions & Get Sold Guaranteed
We Help Buyers With Cash Back
Buy, Sell, Mortgage or Build With Us:
amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426







# ਪੰਜਾਬੀ ਪ੍ਰੈੱਸ ਕਲੱਬ ਆਫ ਬੀਸੀ ਵੱਲੋਂ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਹਾੜੇ 'ਤੇ ਰੋਸ ਮੁਜ਼ਾਹਰਾ

**• ਅੱਜ ਦੇ ਨਾਜ਼ੁਕ ਦੌਰ ਵਿੱਚ ਪ੍ਰੈਸ ਦੀ ਆਜ਼ਾਦੀ ਵਧੇਰੇ ਅਹਿਮ-ਮੇਅਰ ਡੱਗ ਮਕੱਲਮ • "ਸੱਚ 'ਤੇ ਪਹਿਰਾ ਦੇਣ ਵਾਲੇ ਕੈਨੇਡੀਅਨ ਅਤੇ ਵਿਸ਼ਵ ਭਰ ਦੇ ਪੱਤਰਕਾਰਾਂ ਦਾ ਸਨਮਾਨ-ਪ੍ਰਧਾਨ ਮੰਤਰੀ ਟਰੂਡੋ ਦਾ ਸੰਦੇਸ਼**

ਸਰੀ (ਡਾ ਗੁਰਵਿੰਦਰ ਸਿੰਘ)-ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਹਾੜੇ 'ਤੇ, 3 ਮਈ ਨੂੰ ਪੰਜਾਬੀ ਪ੍ਰੈੱਸ ਕਲੱਬ ਆਫ ਬੀ ਸੀ ਵੱਲੋਂ, ਸਰੀ ਦੇ ਹਾਲੈਂਡ ਪਾਰਕ ਵਿਖੇ ਰੋਸ ਮੁਜ਼ਾਹਰਾ ਕੀਤਾ ਗਿਆ, ਜਿਸ ਦਾ ਮਨੋਰਥ ਪੱਤਰਕਾਰਾਂ ਦੀ ਆਜ਼ਾਦੀ 'ਤੇ ਹੋ ਰਹੇ ਹਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਸੀ। ਪੰਜਾਬੀ ਪ੍ਰੈੱਸ ਕਲੱਬ ਵੱਲੋਂ ਆਯੋਜਿਤ ਇਸ ਰੋਸ ਰੈਲੀ ਵਿਚ ਪੱਤਰਕਾਰਾਂ ਸਮੇਤ ਵੱਖ- ਵੱਖ ਅਦਾਰਿਆਂ ਨਾਲ ਸਬੰਧਤ ਵਿਅਕਤੀ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਕੈਨੇਡੀਅਨ ਜੰਮਪਲ ਅਲੀਆ ਸਿੱਧੂ ਵੱਲੋਂ ਰਾਸ਼ਟਰੀ ਗੀਤ 'ਓ ਕੈਨੇਡਾ' ਨਾਲ ਕੀਤੀ ਗਈ। ਸਰੀ ਦੇ ਮੇਅਰ ਡੱਗ ਮਕੱਲਮ ਨੇ ਆਪਣੀ ਭਾਵਪੂਰਤ ਤਕਰੀਰ ਵਿਚ ਕਿਹਾ ਕਿ ਅੱਜ ਦੇ ਨਾਜ਼ੁਕ ਦੌਰ ਵਿੱਚ ਪ੍ਰੈਸ ਦੀ ਆਜ਼ਾਦੀ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਕਿਉਂਕਿ ਅੱਜ ਲੋਕ ਵਿਰੋਧੀ ਤਾਕਤਾਂ ਵਿਸ਼ਵ ਭਰ ਵਿੱਚ ਭਾਰੂ ਹੋ ਰਹੀਆਂ ਹਨ, ਜਿਨ੍ਹਾਂ ਨੂੰ ਨੱਥ ਪਾਉਣ ਲਈ ਮੀਡੀਏ ਦੀ ਆਜ਼ਾਦੀ ਦੀ ਸਖ਼ਤ ਜ਼ਰੂਰਤ ਹੈ।

ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਹਾੜੇ 'ਤੇ ਜਾਰੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਸੰਦੇਸ਼ ਪੜ੍ਹ ਕੇ ਸੁਣਾਇਆ ਗਿਆ, ਜਿਸ ਵਿਚ ਉਨ੍ਹਾਂ ਕਿਹਾ ਕਿ ਸੱਚ ਤੇ ਪਹਿਰਾ ਦੇਣ ਵਾਲੇ ਕੈਨੇਡੀਅਨ ਅਤੇ ਸੰਸਾਰ ਭਰ ਦੇ ਪੱਤਰਕਾਰਾਂ ਦਾ ਕੈਨੇਡਾ ਸਨਮਾਨ ਕਰਦਾ ਹੈ। ਬ੍ਰਿਟਿਸ਼ ਕੋਲੰਬੀਆ ਫੈਡਰੇਸ਼ਨ ਲੇਬਰ ਦੀ ਜਨਰਲ ਸਕੱਤਰ ਸੁਜ਼ੈਨ ਸਕਿਡਮੋਰ ਨੇ ਜਿੱਥੇ ਕੈਨੇਡਾ ਦੇ ਪੰਜ ਲੱਖ ਮੈਂਬਰ ਕਾਮਿਆਂ ਵੱਲੋਂ ਮੀਡੀਆ ਕਰਮੀਆਂ ਦੀ ਆਜ਼ਾਦੀ ਦੇ ਹੱਕ ਦੀ ਵਕਾਲਤ ਕੀਤੀ, ਉੱਥੇ ਨਾਲ ਹੀ ਭਾਰਤ ਵਿੱਚ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ, ਮੀਡੀਆ ਵੱਲੋਂ ਉਠਾਈ ਆਵਾਜ਼ ਦੀ ਪ੍ਰਸ਼ੰਸਾ ਕੀਤੀ, ਜਿਸ ਕਾਰਨ ਸਰਕਾਰ ਨੂੰ ਆਖ਼ਿਰਕਾਰ ਕਾਲੇ ਕਾਨੂੰਨ ਵਾਪਸ ਲੈਣੇ ਪਏ। ਲਿਬਰਲ ਪਾਰਟੀ ਕੈਨੇਡਾ ਦੇ ਸਰੀ ਤੋਂ ਸੰਸਦ ਮੈਂਬਰ ਸੁੱਖ ਧਾਲੀਵਾਲ ਅਤੇ ਰਿਚਮੰਡ ਤੋਂ ਐਮ.ਪੀ. ਪਰਮ ਬੈਂਸ ਵੱਲੋਂ ਜਾਰੀ ਸੰਦੇਸ਼ ਵੀ ਪੜ੍ਹ ਕੇ ਸੁਣਾਏ ਗਏ।










ਰੋਸ ਪ੍ਰਗਟਾਵਾ ਕਰਨ ਵਾਲੇ ਬੁਲਾਰਿਆਂ ਵੱਲੋਂ ਜਿੱਥੇ ਮੌਜੂਦਾ ਸਮੇਂ ਯੂਕਰੇਨ ਵਿਚ ਪੱਤਰਕਾਰਾਂ ਦੀਆਂ ਹੋ ਰਹੀਆਂ ਹੱਤਿਆਵਾਂ ਦੀ ਨਿਖੇਧੀ ਕੀਤੀ ਗਈ, ਉਥੇ ਦੁਨੀਆਂ ਭਰ ਵਿਚ ਪੱਤਰਕਾਰਾਂ 'ਤੇ ਹੋ ਰਹੇ ਹਮਲਿਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਕੈਨੇਡਾ ਵਿੱਚ ਇੱਕ ਸਦੀ ਪਹਿਲਾਂ ਜਜ਼ਬੇ ਅਤੇ ਸੇਵਾ ਦੀ ਪੱਤਰਕਾਰੀ ਦਾ ਮੁੱਢ ਬੰਨ੍ਹਣ ਵਾਲੇ ਪਹਿਲੇ ਪੰਜਾਬੀ ਅਖ਼ਬਾਰ ਸੁਦੇਸ਼ ਸੇਵਕ (1910) ਦੇ ਸੰਪਾਦਕ ਸ਼ਹੀਦ ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਗ਼ਦਰੀ ਯੋਧੇ ਸਮੇਤ, ਸਮੂਹ ਸ਼ਹੀਦ ਪੱਤਰਕਾਰਾਂ ਨੂੰ ਯਾਦ ਕੀਤਾ ਗਿਆ ਅਤੇ ਪੰਜਾਬੀ ਪ੍ਰੈੱਸ ਕਲੱਬ ਦੇ ਗੁਜ਼ਰ ਚੁੱਕੇ ਪੱਤਰਕਾਰਾਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ।

ਭਾਰਤ ਵਿੱਚ ਮੌਜੂਦਾ ਸਮੇਂ ਪੱਤਰਕਾਰਾਂ ਦੀ ਮਾੜੀ ਹਾਲਤ 'ਤੇ ਵਿਚਾਰ ਦਿੰਦਿਆਂ, ਜਿੱਥੇ ਵਿਸ਼ਵ ਪੱਧਰ 'ਤੇ 189 ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ ਸਥਾਨ 150 'ਤੇ ਹੇਠਾਂ ਡਿੱਗਣ 'ਤੇ ਗਹਿਰੀ ਚਿੰਤਾ ਪ੍ਰਗਟਾਈ ਗਈ, ਉਥੇ ਭਾਰਤ ਵਿਚ ਗੌਤਮ ਨਵਲੱਖਾ ਅਤੇ ਅਨੇਕਾਂ ਹੋਰ ਪੱਤਰਕਾਰਾਂ ਨੂੰ ਜੇਲ੍ਹਾਂ ਵਿੱਚ ਸੁੱਟਣ, ਰਾਣਾ ਆਯੂਬ, ਆਰਿਫ਼ਾ ਖ਼ਾਨੁਮ ਸ਼ੇਰਵਾਨੀ ਅਤੇ ਆਕਾਰ ਪਟੇਲ ਵਰਗੇ ਨਾਮਵਰ ਪੱਤਰਕਾਰਾਂ ਨਾਲ ਫਾਸ਼ੀਵਾਦੀ ਸਰਕਾਰ ਵੱਲੋਂ ਧੱਕੇਸ਼ਾਹੀ ਕਰਨ, ਮੱਧ ਪ੍ਰਦੇਸ਼ ਵਿਚ ਸਰਕਾਰ ਵਿਰੋਧੀ ਪੱਤਰਕਾਰਾਂ ਨੂੰ ਨੰਗਿਆਂ ਕਰਕੇ ਜੇਲ੍ਹਾਂ 'ਚ ਕੁੱਟਮਾਰ ਕਰਨ ਆਦਿ ਸਮੇਤ ਤਾਨਾਸ਼ਾਹੀ ਸਰਕਾਰੀ ਵਧੀਕੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ।

ਬੁਲਾਰਿਆਂ ਵਿੱਚ ਸਰੀ ਸਿਟੀ ਕੌਂਸਲਰ ਮਨਦੀਪ ਸਿੰਘ ਨਾਗਰਾ, ਪੱਤਰਕਾਰਾਂ 'ਚੋਂ ਗੁਰਪ੍ਰੀਤ ਸਿੰਘ ਸਹੋਤਾ, ਕੁਲਦੀਪ ਸਿੰਘ, ਜਰਨੈਲ ਸਿੰਘ ਆਰਟਿਸਟ ਗੁਰਪ੍ਰੀਤ ਸਿੰਘ ਰੈਡੀਕਲ ਦੇਸੀ ਸਮੇਤ ਬੀਸੀ ਟਰੱਕਰਜ਼ ਤੋਂ ਗਗਨ ਸਿੰਘ ਨੇ ਸੰਬੋਧਨ ਕੀਤਾ। ਪੰਜਾਬੀ ਪ੍ਰੈੱਸ ਕਲੱਬ ਆਫ ਬੀ ਸੀ ਦੀ ਪ੍ਰਧਾਨ ਬੀਬੀ ਬਲਜਿੰਦਰ ਕੌਰ ਨੇ ਸਮੂਹ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਜਨਰਲ ਸਕੱਤਰ ਖੁਸ਼ਪਾਲ ਸਿੰਘ ਗਿੱਲ ਨੇ ਪ੍ਰੋਗਰਾਮ ਦਾ ਸੰਚਾਲਨ ਕੀਤਾ। ਜ਼ਾਲਮ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਦੁਨੀਆਂ ਸਾਹਮਣੇ ਲਿਆਉਣ ਅਤੇ ਪੱਤਰਕਾਰਾਂ ਦੀ ਆਜ਼ਾਦੀ ਲਈ ਪੈਦਾ ਹੋਏ ਖ਼ਤਰਿਆਂ 'ਤੇ ਗੰਭੀਰ ਚਿੰਤਨ ਕਰਨ ਲਈ ਆਯੋਜਿਤ ਇਹ ਰੋਸ ਮੁਜ਼ਾਹਰਾ ਡੂੰਘਾ ਪ੍ਰਭਾਵ ਛੱਡਣ ਵਿਚ ਸਫਲ ਰਿਹਾ।








# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY

**ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।**

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



**604-594-0616**

# ਪਟਿਆਲਾ ਵਿਚ ਹਿੰਸਾ ਦੇ ਮੁੱਖ ਮੁਲਜ਼ਮ ਪਰਵਾਨਾ ਦੇ ਪੁਲਿਸ ਰਿਮਾਂਡ ਵਿਚ ਵਾਧਾ

ਪਟਿਆਲਾ (ਸਰਬਜੀਤ ਸਿੰਘ ਭੰਗੂ)--ਖਾਲਿਸਤਾਨ ਦੇ ਮੁੱਦੇ 'ਤੇ 29 ਅਪਰੈਲ ਨੂੰ ਪਟਿਆਲਾ ਵਿੱਚ ਵਾਪਰੀ ਹਿੰਸਕ ਘਟਨਾ ਦੇ ਮੁੱਖ ਮੁਲਜ਼ਮ ਵਜੋਂ ਗ੍ਰਿਫ਼ਤਾਰ ਕੀਤੇ ਗਏ ਬਲਜਿੰਦਰ ਸਿੰਘ ਪਰਵਾਨਾ ਦਾ ਚਾਰ-ਰੋਜ਼ਾ ਪੁਲੀਸ ਰਿਮਾਂਡ ਖ਼ਤਮ ਹੋਣ 'ਤੇ ਉਸਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਗਿਆ। ਪੁਲੀਸ ਨੇ ਉਸ ਦਾ ਹਫ਼ਤੇ ਲਈ ਹੋਰ ਰਿਮਾਂਡ ਮੰਗਿਆ। ਪੁਲੀਸ ਨੇ ਜਿੱਥੇ ਕਈ ਹੋਰ ਮੁਲਜ਼ਮਾਂ ਦੇ ਟਿਕਾਣਿਆਂ ਬਾਰੇ ਪਤਾ ਲਗਾਉਣ ਦਾ ਹਵਾਲਾ ਦਿੱਤਾ, ਉੱਥੇ ਹੀ ਪਰਵਾਨਾ ਕੋਲ਼ ਵਿਦੇਸ਼ਾਂ ਤੋਂ ਫੰਡ ਆਉਣ ਦਾ ਖਦਸ਼ਾ ਵੀ ਜ਼ਾਹਿਰ ਕੀਤਾ ਹੈ। ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਅਦਾਲਤ ਨੇ 9 ਮਈ ਤੱਕ ਪਰਵਾਨਾ ਦੇ ਪੁਲੀਸ ਰਿਮਾਂਡ 'ਚ ਹੋਰ ਵਾਧਾ ਕਰ ਦਿੱਤਾ।ਇਸ ਮੌਕੇ ਅਦਾਲਤ ਨੇ ਦਲਜੀਤ ਰਿੰਪਲ ਸਮਾਣਾ, ਕੁਲਦੀਪ ਸਮਾਣਾ ਤੇ ਸ਼ਿਵਦੇਵ ਸਿੰਘ ਸਮੇਤ ਚਾਰ ਨੌਜਵਾਨਾ ਨੂੰ ਜੇਲ੍ਹ ਭੇਜ ਦਿੱਤਾ। ਕੁਲਦੀਪ ਸਿੰਘ ਢੌਂਠਲ ਦਾ ਇੱਕ ਹੋਰ ਕੇਸ 'ਚ ਪੁਲੀਸ ਰਿਮਾਂਡ ਲੈ ਲਿਆ। ਇਸੇ ਦੌਰਾਨ ਪਟਿਆਲਾ ਹਿੰਸਾ ਦੌਰਾਨ ਬਲਵਿੰਦਰ ਸਿੰਘ ਅਜਨਾਲੀ ਨਾਂ ਦੇ ਸਿੱਖ ਕਾਰਕੁਨ ਨੂੰ ਗੋਲੀ ਮਾਰਨ ਦੇ ਦੋਸ਼ ਹੇਠ ਹੇਠ ਪੁਲੀਸ ਵੱਲੋਂ ਹੁਸਨਪ੍ਰੀਤ ਨਾਂ ਦੇ ਇੱਕ ਨੌਜਵਾਨ ਨੂੰ ਉਸ ਦੇ ਦੋ ਸਾਥੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਨੌਜਵਾਨਾ ਨੂੰ ਪੁਲੀਸ ਨੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠਾਂ ਇਥੇ ਅਦਾਲਤ 'ਚ ਪੇਸ਼ ਕੀਤਾ। ਜਿਸ ਦੌਰਾਨ ਤਿੰਨਾਂ ਨੂੰ 7 ਮਈ ਤੱਕ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਇਸ ਮਾਮਲੇ ਵਿੱਚ ਖਾਲਿਸਤਾਨ ਮੁਰਦਾਬਾਦ ਮਾਰਚ ਕੱਢਣ ਅਤੇ ਭੜਕਾਊ ਤਕਰੀਰਾਂ ਕਰਨ ਦੇ ਦੋਸ਼ ਹੇਠ ਪੁਲੀਸ ਰਿਮਾਂਡ ਮਗਰੋਂ ਜੇਲ੍ਹ ਭੇਜੇ ਗਏ ਸ਼ਿਵ ਸੈਨਾ ਬਾਲ ਠਾਕਰੇ ਦੇ ਸੂਬਾਈ ਐਕਟਿੰਗ ਪ੍ਰਧਾਨ ਹਰੀਸ਼ ਸਿੰਗਲਾ ਨੂੰ ਦੋ ਦਿਨਾਂ ਮਗਰੋਂ ਹੀ ਅੱਜ ਪੁਲੀਸ ਨੇ ਇੱਕ ਹੋਰ ਕੇਸ 'ਚ ਜੇਲ੍ਹ ਤੋਂ ਪ੍ਰੋਡਕਸ਼ਨ ਵਰੰਟ 'ਤੇ ਲਿਆਂਦਾ। ਅਦਾਲਤ ਨੇ ਸਿੰਗਲਾ ਦਾ ਚਾਰ ਦਿਨਾਂ ਪੁਲੀਸ ਰਿਮਾਂਡ ਦੇ ਦਿੱਤਾ ਹੈ।

OASIS WINDOWS INC.
OASIS WINDOWS clearly better windows
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

## ਕੈਨੇਡਾ ਦਾ ਇਮੀਗ੍ਰੇਸ਼ਨ ਬੈਕਲਾਗ 20 ਲੱਖ ਤੋਂ ਪਾਰ ਲੰਘਿਆ

ਸਫ਼ਾ 1 ਦੀ ਬਾਕੀ

ਸਨ ਜਿਨ੍ਹਾਂ ਵਿਚ ਕੰਮ ਵਾਲੇ ਤੇ ਸਟੱਡੀ ਪਰਮਿਟ ਲਈ ਅਪਲਾਈ ਕਰਨ ਵਾਲੇ ਲੋਕ ਸ਼ਾਮਿਲ ਸਨ। ਆਈਆਰਸੀਸੀ ਮੀਡੀਆ ਬੁਲਾਰੇ ਮੁਤਾਬਿਕ ਆਰਜ਼ੀ ਰੈਜ਼ੀਡੈਂਟ ਵੀਜ਼ਾ ਅਤੇ ਵਰਕ ਪਰਿਮਟ ਲਈ ਇਨਵੈਂਟਰੀ ਵਿਚ ਕੈਨੇਡਾ-ਯੂਕਰੇਨ ਅਥਾਰਾਈਜ਼ੇਸ਼ਨ ਫਾਰ ਐਮਰਜੈਂਸੀ ਟਰੈਵਲ (ਸੀਯੂਏਈਟੀ) ਲਾਗੂ ਕੀਤੇ ਜਾਣ ਕਾਰਨ ਮਹੱਤਵਪੂਰਣ ਵਾਧਾ ਹੋਇਆ ਹੈ। ਇਹ ਪ੍ਰੋਗਰਾਮ ਆਈਆਰਸੀਸੀ ਨੂੰ ਮੌਜੂਦਾ ਆਰਜ਼ੀ ਰੈਜ਼ੀਡੈਂਟ ਵੀਜ਼ਾ ਪ੍ਰਕਿਰਿਆ ਰਾਹੀਂ ਲੋਕਾਂ ਨੂੰ ਕੈਨੇਡਾ ਲਿਆਉਣ ਦੀ ਇਜਾਜ਼ਤ ਦਿੰਦਾ ਹੈ।

## ਭਾਜਪਾ ਦਾ ਬੁਲਾਰਾ ਤਜਿੰਦਰ ਬੱਗਾ ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ

ਸਫ਼ਾ 1 ਦੀ ਬਾਕੀ

ਗੱਲ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਿਆਸੀ ਵਿਰੋਧੀਆਂ ਨੂੰ ਡਰਾਉਣ ਲਈ ਪੰਜਾਬ ਵਿੱਚ ਆਪਣੀ ਪਾਰਟੀ ਦੀ ਸੱਤਾ ਦੀ ਸਿਆਸੀ ਦੁਰਵਰਤੋਂ ਸ਼ੁਰੂ ਕਰ ਦਿੱਤੀ ਹੈ। ਇਸ ਔਖੀ ਘੜੀ ਵਿੱਚ ਦਿੱਲੀ ਦਾ ਹਰ ਨਾਗਰਿਕ ਬੱਗਾ ਦੇ ਪਰਿਵਾਰ ਨਾਲ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਬਾਲਿਆਨ ਨੇ ਭਾਜਪਾ ਨੂੰ ਲੁਟੇਰਿਆਂ ਦੀ ਪਾਰਟੀ ਕਿਹਾ ਹੈ। ਉਨ੍ਹਾਂ ਕਿਹਾ ਕਿ ਬੱਗਾ ਨੂੰ ਪੰਜਾਬ ਪੁਲੀਸ ਨੇ ਗ੍ਰਿਫ਼ਤਾਰ ਕੀਤਾ ਹੈ। ਬਾਲਿਆਨ ਨੇ ਦਾਅਵਾ ਕੀਤਾ ਕਿ ਬੱਗਾ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਧਮਕੀ ਦਿੱਤੀ ਸੀ। ਬੱਗਾ ਖ਼ਿਲਾਫ਼ ਇਹ ਮੁਕੱਦਮਾ ਆਮ ਆਦਮੀ ਪਾਰਟੀ ਦੇ ਆਗੂ ਡਾਕਟਰ ਸੰਨੀ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਕੇਸ ਦਰਜ ਹੋਣ ਤੋਂ ਬਾਅਦ ਪੰਜਾਬ ਪੁਲੀਸ ਸਿੰਘ ਬੱਗਾ ਦੀ ਭਾਲ ਵਿੱਚ ਸੀ। ਪੰਜਾਬ ਪੁਲੀਸ ਨੂੰ ਬੱਗਾ ਦੀ ਭਾਲ ਵਿੱਚ ਪਹਿਲਾਂ ਦਿੱਲੀ ਤੋਂ ਬੈਰੰਗ ਪਰਤਣਾ ਪਿਆ।

## ਲਿਬਰਲ ਵਲੋਂ ਕੈਨੇਡਾ 'ਚ ਗਰਭਪਾਤ ਦੇ ਅਧਿਕਾਰ ਨੂੰ ਸੁਰੱਖਿਅਤ ਬਣਾਉਣ ਦਾ ਵਾਅਦਾ

ਸਫ਼ਾ 1 ਦੀ ਬਾਕੀ

ਤਾਂ ਟਰੂਡੋ ਨੇ ਕਿਹਾ ਕਿ ਔਰਤ ਨੂੰ ਆਪਣੇ ਬਾਰੇ ਚੋਣ ਕਰਨ ਦੀ ਆਜ਼ਾਦੀ ਹੈ। ਸਿਹਤ ਮੰਤਰੀ ਜੀਨ ਯਵੇਸ ਡੁਕਲੋਸ ਅਤੇ ਔਰਤਾਂ ਬਾਰੇ ਮੰਤਰੀ ਮਰਸੀ ਆਇਨ ਇਹ ਯਕੀਨੀ ਬਣਾਉਣ ਲਈ ਕਾਨੂੰਨੀ ਢਾਂਚੇ ਦੀ ਜਾਂਚ ਕਰ ਰਹੇ ਹਨ ਕਿ ਔਰਤਾਂ ਦੇ ਹੱਕਾਂ ਦਾ ਮੌਜੂਦਾ ਅਤੇ ਭਵਿੱਖ ਦੀ ਸਰਕਾਰ ਤਹਿਤ ਠੀਕ ਢੰਗ ਨਾਲ ਬਚਾਅ ਕੀਤਾ ਜਾਵੇ। ਪਿਛਲੇ ਸਾਲ ਚੋਣ ਪ੍ਰਚਾਰ ਸਮੇਂ ਲਿਬਰਲਜ਼ ਨੇ ਇਹ ਯਕੀਨੀ ਬਣਾਉਣ ਲਈ ਕੈਨੇਡਾ ਹੈਲਥ ਐਕਟ ਤਹਿਤ ਨਿਯਮ ਲਾਗੂ ਕਰਨ ਦਾ ਵਾਅਦਾ ਕੀਤਾ ਸੀ ਕਿ ਡਾਕਟਰੀ ਤੌਰ 'ਤੇ ਅਤੇ ਸਰਕਾਰੀ ਵਿੱਤੀ ਸਹਾਇਤਾ ਨਾਲ ਗਰਭਪਾਤ ਸੇਵਾਵਾਂ ਪ੍ਰਾਪਤ ਹੋਣ।

## ਬੀਸੀ ਸਰਕਾਰ ਵਲੋਂ ਮਹੱਤਵਪੂਰਣ ਨਸਲਵਾਦ ਵਿਰੋਧੀ ਕਾਨੂੰਨ ਪੇਸ਼

ਸਫ਼ਾ 1 ਦੀ ਬਾਕੀ

ਨਸਲ, ਜੈਂਡਰ, ਧਰਮ, ਲਿੰਗਕਤਾ, ਯੋਗਤਾ ਤੇ ਆਮਦਨ ਸ਼ਾਮਿਲ ਹੈ ਬਾਰੇ ਪੁੱਛਣ ਦੀ ਇਜਾਜ਼ਤ ਦਿੰਦਾ ਹੈ। ਇਹ ਡਾਟਾ ਇਸ ਗੱਲ ਦੀ ਪਛਾਣ ਕਰਨ ਲਈ ਵਰਤਿਆ ਜਾਵੇਗਾ ਕਿ ਕਿਸ ਹੱਦ ਤਕ ਯੋਜਨਾਬੱਧ ਨਸਲਵਾਦ ਕਾਲੇ ਤੇ ਮੂਲਵਾਸੀ ਲੋਕਾਂ ਤੇ ਦੂਸਰੇ ਰੰਗਦਾਰ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਦੋਂ ਉਨ੍ਹਾਂ ਨੇ ਹੈਲਥ ਕੇਅਰ, ਰੋਜ਼ਗਾਰ, ਸਿੱਖਿਆ, ਮਕਾਨ, ਨਿਆਂ ਪ੍ਰਣਾਲੀ ਤੇ ਸਮਾਜਿਕ ਸੇਵਾਵਾਂ ਤਕ ਪਹੁੰਚ ਕਰਨੀ ਹੁੰਦੀ ਹੈ। ਸੋਮਵਾਰ ਇਕ ਪ੍ਰੈਸ ਕਾਨਫਰੰਸ ਵਿਖੇ ਨਸਲਵਾਦ ਵਿਰੋਧੀ ਡੈਟਾ ਐਕਟ ਦਾ ਐਲਾਨ ਕਰਦਿਆਂ ਨਸਲਵਾਦ ਵਿਰੋਧੀ ਪਹਿਲਕਦਮੀਆਂ ਦੀ ਸੰਸਦੀ ਸਕੱਤਰ ਰਚਨਾ ਸਿੰਘ ਨੇ ਕਿਹਾ ਕਿ ਬੀਸੀ ਨੂੰ ਇਸ ਦੇ ਲੋਕਾਂ ਦੀ ਵਿਭਿੰਨਤਾ ਨੇ ਰੂਪ ਦਿੱਤਾ ਹੈ ਫਿਰ ਵੀ ਯੋਜਨਾਬੱਧ ਨਸਲਵਾਦ ਅਤੇ ਬਸਤੀਵਾਦ ਪੱਖਪਾਤ ਵਾਲੇ ਕਈ ਲੋਕ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਦੇ ਹਨ। ਅਸੀਂ ਇਸ ਬਾਰੇ ਬਿਹਤਰ ਕਰ ਸਕਦੇ ਹਾਂ ਅਤੇ ਸਾਨੂੰ ਕਰਨਾ ਚਾਹੀਦਾ ਹੈ। ਹੋਗਨਜ਼ ਐਲੀ ਸੁਸਾਇਟੀ ਦੇ ਕੋ-ਚੇਅਰ ਡਾ. ਜੂਨ ਫ੍ਰਾਂਸਿਸ ਨੇ ਕਿਹਾ ਕਿ ਇਸ ਕਾਨੂੰਨ ਨਾਲ ਸਾਡੇ ਕੋਲੋ ਹਨੇਰੇ ਵਾਲੇ ਸਥਾਨਾਂ ਨੂੰ ਰੋਸ਼ਨੀ ਨਾਲ ਚਮਕਾਉਣ ਦਾ ਮੌਕਾ ਹੈ।

## ਹਰਿਆਣਾ ਪੁਲਿਸ ਨੇ 4 ਖਾਲਿਸਤਾਨੀ ਅੱਤਵਾਦੀ ਕੀਤੇ ਗ੍ਰਿਫ਼ਤਾਰ

ਸਫ਼ਾ 1 ਦੀ ਬਾਕੀ

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਗੁਰਪ੍ਰੀਤ ਜੇਲ੍ਹ ਜਾ ਚੁੱਕਿਆ ਹੈ। ਜੇਲ੍ਹ ਵਿੱਚ ਹੀ ਉਸ ਦੀ ਮੁਲਾਕਾਤ ਰਾਜਵੀਰ ਨਾਂ ਦੇ ਵਿਅਕਤੀ ਨਾਲ ਹੋਈ ਸੀ। ਰਾਜਵੀਰ ਦੀ ਪਾਕਿਸਤਾਨੀ ਅਤਿਵਾਦੀ ਹਰਵਿੰਦਰ ਸਿੰਘ ਰਿੰਦਾ ਨਾਲ ਪੁਰਾਣੀ ਪਛਾਣ ਹੈ। ਰਾਜਵੀਰ ਨੇ ਹੀ ਗੁਰਪ੍ਰੀਤ ਦੀ ਗੱਲ ਰਿੰਦਾ ਨਾਲ ਕਰਵਾਈ ਸੀ। ਉਹ ਕਰੀਬ 9 ਮਹੀਨੇ ਤੋਂ ਇਕ-ਦੂਜੇ ਦੇ ਸੰਪਰਕ ਵਿੱਚ ਸਨ।

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS
Your Lawyers, Because We Care
▪ Criminal Law
▪ Divorce Cases
▪ Immigration Law
▪ Notary Services
Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਤਰਕਸ਼ੀਲ ਸੁਸਾਇਟੀ ਵੱਲੋਂ ਮਜ਼ਦੂਰ ਦਿਵਸ ਮਨਾਇਆ ਗਿਆ



ਸਰੀ, (ਹਰਦਮ ਮਾਨ)- ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਆਫ਼ ਕੈਨੇਡਾ (ਸਰੀ) ਵੱਲੋਂ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਚ ਮਈ ਦਿਵਸ ਮਨਾਇਆ ਗਿਆ। ਕਿਰਤੀਆਂ ਦੀ ਅੱਠ ਘੰਟੇ ਦੀ ਮੰਗ ਲਈ ਕੀਤੀ ਜਦੋਜਹਿਦ ਦੇ ਦਿਨ ਨੂੰ ਸਮਰਪਿਤ ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਪ੍ਰਧਾਨ ਬਾਈ ਅਵਤਾਰ ਨੇ ਹਾਜ਼ਰ ਮੈਂਬਰਾਂ ਨੂੰ ਜੀ ਆਇਆਂ ਕਿਹਾ। ਮੀਟਿੰਗ ਵਿਚ ਕਿਰਤੀਆਂ ਦੇ ਦਿਨ ਦੀ ਮੁਬਾਰਕਬਾਦ ਸਾਂਝੀ ਕੀਤੀ ਗਈ ਅਤੇ ਕਿਰਤੀ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਵਿਚ ਬੋਲਦਿਆਂ ਪਰਮਿੰਦਰ ਕੌਰ ਸਵੈਚ ਨੇ ਕਿਹਾ ਕਿ ਅਲਬਰਟ ਆਰ. ਪਾਰਸਨਜ਼ ਉਹ ਸ਼ਹੀਦ ਹੈ ਜਿਸ ਨੂੰ ਹੇਅ ਮਾਰਕੀਟ ਸ਼ਿਕਾਗੋ ਵਿੱਚ ਹੋਏ ਕਤਲੇਆਮ ਦਾ ਸਾਜ਼ਸ਼ੀ ਢੰਗ ਨਾਲ ਦੋਸ਼ੀ ਬਣਾ ਕੇ ਚਾਰ ਸਾਥੀਆਂ ਸਮੇਤ ਫਾਂਸੀ ਤੇ ਤਿੰਨ ਨੂੰ ਉਮਰ ਕੈਦ ਸੁਣਾਈ ਗਈ ਸੀ। ਉਸ ਵੱਲੋਂ ਜੇਲ੍ਹ ਵਿੱਚੋਂ ਆਪਣੇ ਬੱਚਿਆਂ ਤੇ ਪਤਨੀ ਲੂਸੀ ਨੂੰ ਲਿਖੀਆਂ ਚਿੱਠੀਆਂ ਸਿਰਫ ਪਰਿਵਾਰਕ ਚਿੱਠੀਆਂ ਹੀ ਨਹੀਂ ਹਨ ਸਗੋਂ ਹਰ ਯੁੱਗ ਦੇ ਕਿਰਤੀਆਂ ਨੂੰ ਸੁਨੇਹਾ ਹੈ ਜੋ ਉਹਨਾਂ ਨੇ ਪਰਿਵਾਰ ਦੇ ਰੂਪ ਵਿੱਚ ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਦਿੱਤਾ ਹੈ। ਉਹਨਾਂ ਦੇ ਦੂਸਰੇ ਸਾਥੀ ਅਡੌਲਫ ਫਿਸ਼ਰ ਦਾ ਅਦਾਲਤ ਵਿੱਚ ਦਿੱਤਾ ਗਿਆ ਬਿਆਨ ਬਾਈ ਅਵਤਾਰ ਨੇ ਸਾਰਿਆਂ ਨਾਲ ਸਾਂਝਾ ਕੀਤਾ। ਗੁਰਮੇਲ ਗਿੱਲ ਨੇ ਸਮਾਜ ਵਿੱਚ ਪੂੰਜੀ ਦੀ ਕਾਣੀ ਵੰਡ 'ਤੇ ਗੱਲ ਕੀਤੀ। ਸੁਸਾਇਟੀ ਦੇ ਨੌਜਵਾਨ ਮੈਂਬਰ ਰਾਜਵੀਰ ਨੇ ਅਜੋਕੀ ਟੈਕਨੋਲੋਜੀ ਦੇ ਅਧਾਰ ਤੇ ਪੂੰਜੀਵਾਦ ਵੱਲੋਂ ਆਪਣੀਆਂ ਜੜ੍ਹਾਂ ਦੁਨੀਆਂ ਭਰ ਵਿੱਚ ਫੈਲਾਉਣ ਬਾਰੇ ਬਹੁਤ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਗੁਰਸ਼ਰਨ ਗਿੱਲ ਨੇ ਯੂਕਰੇਨ ਦੇ ਮੁੱਦੇ ਤੇ ਗੱਲਬਾਤ ਕੀਤੀ। ਸੁਖਦੇਵ ਮਾਨ ਨੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਕਿਰਤੀਆਂ ਦੀ ਹੋ ਰਹੀ ਹੈ ਲੁੱਟ ਬਾਰੇ ਚਾਨਣਾ ਪਾਇਆ। ਹਰਪਾਲ ਗਰੇਵਾਲ, ਸਾਧੂ ਸਿੰਘ ਗਿੱਲ, ਮਲਕੀਤ ਸਰਾਂ, ਕੁਲਵੀਰ ਮੰਗੂਵਾਲ, ਆਰਤੀ ਹੀਰਾ, ਅਨੁਜ ਸੂਦ, ਸੁੱਖੀ ਗਰਚਾ ਤੇ ਨਿਰਮਲ ਕਿੰਗਰਾ ਨੇ ਗੱਲਬਾਤ ਵਿੱਚ ਹਿੱਸਾ ਪਾਇਆ। ਇਸ ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਦੇ 19 ਜੂਨ ਨੂੰ ਕਰਵਾਏ ਜਾ ਰਹੇ ਪ੍ਰੋਗਰਾਮ ਬਾਰੇ ਚਰਚਾ ਕੀਤੀ ਗਈ। ਇਸ ਪ੍ਰੋਗਰਾਮ ਵਿਚ ਇੰਡੀਆ ਤੋਂ ਆ ਰਹੇ ਡਾ. ਸਾਹਿਬ ਸਿੰਘ ਆਪਣਾ ਲਿਖਿਆ ਸੋਲੋ ਨਾਟਕ ਧੰਨ ਲਿਖਾਰੀ ਨਾਨਕਾ ਆਪਣੀ ਹੀ ਨਿਰਦੇਸ਼ਨਾ ਹੇਠ ਪੇਸ਼ ਕਰਨਗੇ। 8 ਮਈ ਦੀ ਨੈਸ਼ਨਲ ਕਮੇਟੀ ਦੀ ਚੋਣ ਦੇ ਸਿਲਸਿਲੇ ਵਿਚ ਸੁਸਾਇਟੀ ਦੇ ਮੈਂਬਰਾਂ ਤੇ ਡੈਲੀਗੇਟਾਂ ਦੀ ਚੋਣ ਕੀਤੀ ਗਈ, ਸੰਵਿਧਾਨ ਵਿਚ ਸੋਧਾਂ ਬਾਰੇ ਵੀ ਕਾਫ਼ੀ ਵਿਚਾਰ ਵਟਾਂਦਰਾ ਕੀਤਾ ਗਿਆ ਜੋ ਕਿ ਨੈਸ਼ਨਲ ਕਮੇਟੀ ਵਿੱਚ ਵਿਚਾਰਿਆ ਜਾਵੇਗਾ। ਕਾਮਰੇਡ ਸੇਵਾ ਸਿੰਘ ਬਿੜਿੰਗ ਨੂੰ ਸ਼ਰਧਾਂਜਲੀ ਦਿੱਤੀ ਗਈ।

## ਬੀਸੀ ਨੇ ਕੋਵਿਡ-19 ਦੀਆਂ ਲੱਖਾਂ ਖੁਰਾਕਾਂ ਨੂੰ ਨਸ਼ਟ ਕੀਤਾ

ਵਿਕਟੋਰੀਆ-ਬੀਸੀ ਨੇ ਕੋਵਿਡ-19 ਦੀਆਂ 650000 ਜਾਂ ਫੈਡਰਲ ਸਰਕਾਰ ਤੋਂ ਬੀਸੀ ਦੀ ਟੀਕਾਕਰਣ ਮੁਹਿਮ ਸ਼ੁਰੂ ਕੀਤੇ ਜਾਣ ਸਮੇਂ ਫੈਡਰਲ ਸਰਕਾਰ ਤੋਂ ਮਿਲੀਆਂ



12 ਮਿਲੀਅਨ ਖੁਰਾਕਾਂ ਦਾ ਲਗਪਗ ਪੰਜ ਫ਼ੀਸਦੀ ਖੁਰਾਕਾਂ ਨੂੰ ਨਸ਼ਟ ਕਰ ਦਿੱਤਾ ਹੈ। ਇਹ ਮੈਡੀਕਲ ਪੇਸ਼ਾਵਰਾਂ ਲਈ ਨਿਰਾਸ਼ਾਜਨਕ ਖ਼ਬਰ ਹੈ ਜਿਹੜੇ ਟੀਕਾਕਰਣ ਮੁਹਿਮ ਦੇ ਸ਼ੁਰੂ ਹੋਣ ਤੋਂ ਲੈ ਕੇ ਆਪਣੇ ਗਾਹਕਾਂ ਨੂੰ ਸ਼ਾਟ ਦੇਣ ਲਈ ਲੜ ਰਹੇ ਸਨ ਜਿਨ੍ਹਾਂ ਵਿਚੋਂ ਕੁਝ ਸਰਕਾਰੀ ਵੈਕਸੀਨ ਕਲੀਨਿਕਾਂ ਤੋਂ ਦੂਰ ਰਹੇ ਹਨ। ਵੈਨਕੂਵਰ ਲਾਗ ਰੋਗਾਂ ਦੇ ਸੈਂਟਰ ਦੇ ਮੈਡੀਕਲ ਡਾਇਰੈਕਟਰ ਡਾ. ਬਰਾਇਨ ਕੋਨਵੇ ਨੇ ਕਿਹਾ ਕਿ ਇਸ ਨੇ ਮੇਰਾ ਦਿਲ ਤੋੜ ਦਿੱਤਾ ਹੈ। ਇਸ ਸੈਂਟਰ ਦੀ ਮੈਡੀਕਲ ਟੀਮ ਡਾਊਨਟਾਊਨ ਈਸਟਸਾਈਡ ਵਿਚ ਕਮਜ਼ੋਰ ਲੋਕਾਂ ਨੂੰ ਸਿੱਧੇ ਸਿਹਤ ਸੇਵਾਵਾਂ ਮੁਹੱਈਆ ਕਰਦੀ ਹੈ। ਜਦੋਂ ਤੋਂ ਟੀਕਾਕਰਣ ਮੁਹਿਮ ਸ਼ੁਰੂ ਹੋਈ ਹੈ ਕੋਨਵੇ ਸਿਹਤ ਮੰਤਰਾਲੇ ਤੋਂ ਉਸ ਸਮੇਂ ਤੋਂ ਉਨ੍ਹਾਂ ਲੋਕਾਂ ਦਾ ਕੋਵਿਡ-19 ਟੀਕਾਕਰਣ ਦੀ ਸ਼ਕਤੀ ਦੇਣ ਦੀ ਮੰਗ ਕਰ ਰਿਹਾ ਸੀ ਜਿਹੜਾ ਇਮਾਰਤਾਂ ਵਿਚ ਇਕੱਲੇ ਕਮਰੇ ਵਿਚ ਰਹਿ ਰਹੇ ਹਨ ਪਰ ਕੋਈ ਫਾਇਦਾ ਨਹੀਂ ਹੋਇਆ। ਆਖਰਾਕਾਰ ਉਸ ਦੇ ਕਲੀਨਿਕ ਨੂੰ ਸਿਰਫ ਦੋ ਹਫ਼ਤੇ ਪਹਿਲਾਂ ਕੋਵਿਡ-19 ਟੀਕੇ ਲਗਾਉਣ ਦੀ ਤਾਕਤ ਦਿੱਤੀ ਗਈ ਸੀ। ਡਾ. ਪੇਨੀ ਬੈਲੇਮ ਜਿਹੜੇ ਸੂਬੇ ਵਿਚ ਟੀਕਾਕਰਣ ਸ਼ੁਰੂ ਕਰਨ ਦੀ ਅਗਵਾਈ ਕਰ ਰਹੇ ਹਨ ਨੇ ਦੱਸਿਆ ਕਿ ਟੀਕਿਆਂ ਨੂੰ ਨਸ਼ਟ ਕਰਨ ਦੇ ਦੋ ਕਾਰਨ ਹਨ। ਪਹਿਲਾ ਕਾਰਨ ਇਹ ਹੈ ਕਿ ਟੀਕੇ ਨੂੰ ਬਣਾਉਣ ਦੀ ਮਿਆਦ ਪੁੱਗ ਗਈ ਹੈ ਜਿਸ ਕਾਰਨ ਬੀਸੀ ਵਿਚ ਦਸਬੰਰ 2020 ਪਿੱਛੋਂ ਕੁਲ 357620 ਟੀਕੇ ਸੁੱਟ ਦਿੱਤੇ ਗਏ। ਦੂਸਰੇ 307211 ਟੀਕੇ 'ਲੌਸ' ਕਾਰਨ ਸੁੱਟ ਦਿੱਤੇ ਗਏ ਜਿਸ ਦਾ ਮਤਲਬ ਟੀਕਾ ਵਰਤੇ ਨਹੀਂ ਜਾ ਸਕਦੇ ਕਿਉਂਕਿ ਉਹ ਅਸੁਰੱਖਿਅਤ ਪੱਧਰ ਤਕ ਗਰਮ ਹੋ ਗਏ ਸਨ ਜਾਂ ਸ਼ੀਸ਼ੀ ਦੀਆਂ ਸਾਰੀਆਂ ਖੁਰਾਕਾਂ ਨੂੰ ਸਮੇਂ ਸਿਰ ਨਹੀਂ ਵਰਤਿਆ ਜਾ ਸਕਦਾ ਭਾਵ ਟੀਕਿਆਂ ਦੀ ਸ਼ੀਸ਼ੀ ਜਿਸ ਵਿਚ ਕਈ ਖੁਰਾਕਾਂ ਹੁੰਦੀਆਂ ਹਨ ਵਿਚਲੀਆਂ ਸਾਰੀਆਂ ਖੁਰਾਕਾਂ ਨੂੰ ਇਕ ਨਿਸ਼ਚਤ ਸਮੇਂ ਵਿਚ ਨਾ ਵਰਤਿਆ ਜਾ ਸਕੇ ਤਾਂ ਉਹ ਸ਼ੀਸ਼ੀ ਖੋਲ੍ਹਣ ਤੋਂ ਬਾਅਦ ਖਰਾਬ ਹੋ ਜਾਂਦੇ ਹਨ। ਫਾਈਜ਼ਰ ਤੇ ਮੋਡਰਨਾ ਐਮਆਰਐਨਏ ਟੀਕਿਆਂ ਨੂੰ ਬਹੁਤ ਜ਼ਿਆਦਾ ਠੰਢੇ ਤਾਪਮਾਨ ਵਿਚ ਰੱਖਣਾ ਜ਼ਰੂਰੀ ਹੈ।

## ਮੈਡੀਕਲ ਛੁੱਟੀ ਪਿੱਛੋਂ ਕੌਂਸਲਰ ਸਟੀਵਨ ਪੇਟੀਗਰੇ ਡਿਊਟੀ 'ਤੇ ਪਰਤੇ

ਸਰੀ-ਸਿਟੀ ਕੌਂਸਲਰ ਸਟੀਵਨ ਪੇਟੀਗਰੇ ਤਿੰਨ ਮਹੀਨਿਆਂ ਦੀ ਮੈਡੀਕਲ ਛੁੱਟੀ ਪਿੱਛੋਂ ਸਰੀ ਕੌਂਸਲ ਵਿਚ ਕੰਮ 'ਤੇ ਵਾਪਸ ਆ ਗਏ ਹਨ। ਉਨ੍ਹਾਂ ਨੂੰ 30 ਅਪ੍ਰੈਲ ਤਕ ਛੁੱਟੀ ਦਿੱਤੀ ਗਈ ਸੀ। ਅਣਦੱਸੇ ਡਾਕਟਰੀ ਕਾਰਨਾਂ ਕਰਕੇ ਸਰੀ ਸਿਟੀ ਦੇ ਆਜ਼ਾਦ ਕੌਂਸਲਰ ਨੂੰ ਜਨਵਰੀ ਵਿਚ ਛੁੱਟੀ ਦਿੱਤੀ ਗਈ ਸੀ। ਉਸ ਨੇ ਨਾਉ-ਲੀਡਰ ਨਾਲ ਇਕ ਮੁਲਾਕਾਤ ਵਿਚ ਆਪਣੀ ਮੈਡੀਕਲ ਛੁੱਟੀ ਦੌਰਾਨ ਕੌਂਸਲ, ਸਟਾਫ ਤੇ ਜਨਤਾ ਦੇ ਸਮਰਥਨ ਲਈ ਧੰਨਵਾਦ ਕੀਤਾ ਹੈ।


**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।



**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

**For a fair settlement for your claim, call Mandeep Randhawa today.**

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

*We Can Help You Sell Your House!*
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 7 ਮਈ, 2022
ਰਿਅਲ ਅਸਟੇਟ | REAL ESTATE
www.punjablinkpaper.com 604-503-5465

*For All Your Real Estate Needs*
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St., Surrey, BC, V3W 4E8
info@amrikcheema.com

## ਅੱਤਵਾਦੀ ਗਰੁੱਪ ਨਾਲ ਜੁੜੇ ਵਿਅਕਤੀ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਕਿਉਂ ਦਿੱਤੀ?

ਓਟਵਾ-ਇਕ ਕੰਸਰਵੇਟਿਵ ਸੈਨੇਟਰ ਨੇ ਸ਼ਾਸਨ ਚਲਾ ਰਹੇ ਲਿਬਰਲਜ਼ ਤੋਂ ਪੁੱਛਿਆ ਕਿ ਜਿਸ ਵਿਅਕਤੀ ਨੂੰ ਇਜ਼ਰਾਈਲ ਮਨੋਨੀਤ ਅੱਤਵਾਦੀ ਸੰਗਠਨ ਦਾ ਉੱਚ ਅਹੁਦੇ ਵਾਲਾ ਮੈਂਬਰ ਆਖਦਾ ਹੈ ਨੂੰ ਵੈਨਕੂਵਰ ਵਿਚ ਰਹਿਣ ਦੀ ਕਿਉਂ ਇਜਾਜ਼ਤ ਦਿੱਤੀ ਗਈ। ਪਿਛਲੇ ਹਫ਼ਤੇ ਨੈਸ਼ਨਲ ਪੋਸਟ ਦੇਟੇਰੀ ਗਲੈਵਨ ਨੇ ਖਾਲਿਦ ਬਰਕਤ ਬਾਰੇ ਲਿਖਿਆ ਹੈ ਜਿਸ ਨੂੰ ਇਜ਼ਰਾਈਲੀ ਇੰਟੈਲੀਜੈਂਸ ਨੇ ਪਾਪੂਲਰ ਫਰੰਟ ਫਾਰ ਲਿਬਰੇਸ਼ਨ ਆਫ ਫਲਸਤੀਨ (ਪੀਐਫਐਲਪੀ) ਖੱਬੇ ਕੱਟੜਪੰਥੀ ਦਾ ਸਰਗਰਮ ਤੇ ਸੀਨੀਅਰ ਮੈਂਬਰ ਦੱਸਿਆ ਹੈ। ਪੀਈਐਲਪੀ 18 ਨਵੰਬਰ 2014 ਨੂੰ ਯੋਰੋਸ਼ਲਮ ਸਿਨਾਗੋਗ ਵਿਚ ਹੋਏ ਜਾਨਲੇਵਾ ਹਮਲੇ ਲਈ ਜ਼ਿੰਮੇਵਾਰ ਸਮਝਿਆ ਜਾਂਦਾ ਹੈ ਜਿਸ ਵਿਚ ਟੋਰਾਂਟੋ ਦੇ ਜੰਮਪਲ ਰਬੀ ਹੋਵੀ ਰੋਥਮੈਨ ਸਮੇਤ 6 ਸ਼ਰਧਾਲੂ ਮਾਰੇ ਗਏ ਸਨ। ਦੂਸਰੇ ਪਾਸੇ ਬਰਕਤ ਦੇ ਸਮਰਥਕ ਕਹਿ ਰਹੇ ਹਨ ਕਿ 55 ਸਾਲਾ ਬਰਕਤ ਇਕ ਲੇਖਕ ਤੇ ਫਲਸਤੀਨੀਆਂ ਦੇ ਹੱਕਾਂ ਦਾ ਐਡਵੋਕੇਟ ਹੈ ਅਤੇ ਇਜ਼ਰਾਈਲੀ ਸਰਕਾਰ ਉਸ ਨੂੰ ਅੱਤਵਾਦੀ ਦੱਸਣ ਦੀ ਕੋਸ਼ਿਸ਼ ਵਿਚ ਗਲਤ ਜਾਣਕਾਰੀ ਫੈਲਾ ਰਹੀ ਹੈ।

## ਫਾਲਕਨ ਨੇ ਅਪਰਾਧ ਤੇ ਸਿਹਤ ਸਮਰੱਥਾ ਦੇ ਮੁੱਦਿਆਂ ਨੂੰ ਲੈ ਕੇ ਐਨਡੀਪੀ ਸਰਕਾਰ ਨੂੰ ਬਣਾਇਆ ਨਿਸ਼ਾਨਾ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਵਿਰੋਧੀ ਧਿਰ ਦੇ ਲਿਬਰਲ ਨੇਤਾ ਦਾ ਕਹਿਣਾ ਕਿ ਉਹ ਇਸ ਮਹੀਨੇ ਦੇ ਅਖੀਰ ਵਿਚ ਲੈਜਿਸਲੇਚਰ ਵਿਚ ਆਪਣੀ ਸੀਟ ਸੰਭਾਲਣਗੇ ਤਾਂ ਉਹ ਨਿਊ ਡੈਮੋਕਰੈਟ ਸਰਕਾਰ ਨੂੰ ਅਪਰਾਧ, ਸਿਹਤ ਸਮਰੱਥਾ ਤੇ ਸਿਹਤ ਦੇਖਭਾਲ ਨੂੰ ਲੈ ਕੇ ਘੇਰਨਗੇ। ਕੇਵਿਨ ਫਾਲਕਨ ਜਿਸ ਨੇ ਇਸ ਸਾਲ ਦੇ ਸ਼ੁਰੂ ਵਿਚ ਬੀਸੀ ਲਿਬਰਲਜ਼ ਦਾ ਮੁੱਖੀ ਚੁਣੇ ਜਾਣ ਪਿੱਛੋਂ ਵੀਕਐਂਡ 'ਤੇ ਵੈਨਕੂਵਰ-ਕੁਇਲਚੇਨਾ ਹਲਕੇ ਤੋਂ ਉਪ ਚੋਣ ਜਿੱਤੀ ਸੀ ਨੇ ਕਿਹਾ ਕਿ ਸਾਰੇ ਮੁੱਦੇ ਪ੍ਰੀਮੀਅਰ ਜੌਹਨ ਹੌਰਗਨ ਸਰਕਾਰ ਲਈ ਕਮਜ਼ੋਰ ਸਥਾਨ ਹਨ। ਉਨ੍ਹਾਂ ਬੁੱਧਵਾਰ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਸ਼ਹਿਰੀ ਕੇਂਦਰਾਂ ਵਿਚ ਅਪਰਾਧ, ਡਾਕਟਰਾਂ ਦੀ ਘਾਟ, ਮੈਡੀਕਲ ਉਡੀਕ ਸਮਾਂ ਵਧਣ ਅਤੇ ਵਧ ਰਹੀਆਂ ਕੀਮਤਾਂ ਫਾਲਕਨ ਦੇ ਏਜੰਡੇ 'ਤੇ ਹੋਣਗੀਆਂ। ਉਨ੍ਹਾਂ ਕਿਹਾ ਕਿ ਉਹ ਸਰਕਾਰ ਨੂੰ ਦੱਸਣਗੇ ਕਿ ਉਹ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ ਅਤੇ 2017 ਵਿਚ ਜਦੋਂ ਐਨਡੀਪੀ ਸਰਕਾਰ ਚੁਣੀ ਗਈ ਹੈ ਉਸ ਸਮੇਂ ਤੋਂ ਇਹ ਸਮੱਸਿਆਵਾਂ ਹੋਰ ਖਰਾਬ ਹੋ ਗਈਆਂ ਹਨ। ਫਾਲਕਨ ਨੇ ਕਿਹਾ ਕਿ ਬੀਸੀ ਵਿਚ ਲੋਕ ਅਣਸੁਰੱਖਿਅਤ ਮਹਿਸੂਸ ਕਰ ਰਹੇ ਹਨ ਕਿਉਂਕਿ ਵਾਰ ਵਾਰ ਅਪਰਾਧ ਕਰਨ ਵਾਲਿਆਂ ਨੂੰ ਫਿਰ ਤੋਂ ਅਪਰਾਧ ਕਰਨ ਲਈ ਬਿਨ੍ਹਾਂ ਦੋਸ਼ਾਂ ਦੇ ਛੱਡਿਆ ਜਾ ਰਿਹਾ ਹੈ। ਬੀਸੀ ਲਿਬਰਲਜ਼ ਪਹਿਲਾਂ ਲੈਜਿਸਲੇਚਰ ਵਿਚ ਅਟਾਰਨੀ ਜਨਰਲ ਡੇਵਿਡ ਏਬੀ ਨੂੰ ਨਿਸ਼ਾਨਾ ਬਣਾ ਰਹੇ ਹਨ, ਵਾਰ ਵਾਰ ਅਪਰਾਧ ਕਰਨ ਵਾਲੇ ਅਪਰਾਧੀਆਂ ਬਾਰੇ ਉਨ੍ਹਾਂ ਤੋਂ ਸਵਾਲ ਪੁੱਛ ਰਹੇ ਹਨ ਅਤੇ ਉਨ੍ਹਾਂ 'ਤੇ ਨਰਮ ਅਪਰਾਧ ਨੀਤੀ ਦਾ ਸਮਰਥਨ ਕਰਨ ਦਾ ਦੋਸ਼ ਲਗਾ ਰਹੇ ਹਨ।



## ਵਿਜ਼ਨ ਵੈਨਕੂਵਰ ਵਲੋਂ ਕੌਂਸਲ, ਸਕੂਲ ਤੇ ਪਾਰਕਾਂ ਦੇ ਬੋਰਡ ਲਈ 11 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ

ਵੈਨਕੂਵਰ-ਵਿਜ਼ਨ ਵੈਨਕੂਵਰ ਸਿਵਿਕ ਪਾਰਟੀ ਨੇ ਇਸ ਪਤਝੜ ਮਿਉਂਸਪਲ ਚੋਣਾਂ ਲਈ ਆਪਣੀ ਸਲੇਟ ਜਾਰੀ ਕੀਤੀ ਹੈ। ਵਿਜ਼ਨ ਇਨਡੋਰਸਮੈਂਟ ਵਿਚ ਸਿਟੀ ਕੌਂਸਲ ਲਈ ਚਾਰ ਉਮੀਦਵਾਰ, ਵੈਨਕੂਵਰ ਸਕੂਲ ਬੋਰਡ ਲਈ ਪੰਜ ਤੇ ਪਾਰਕ ਬੋਰਡ ਲਈ ਦੋ ਉਮੀਦਵਾਰ ਹਨ। 11 ਉਮੀਦਵਾਰਾਂ ਵਿਚ ਦੋ ਮੌਜੂਦਾ ਉਮੀਦਵਾਰ ਹਨ ਜਿਨ੍ਹਾਂ ਵਿਚੋਂ ਐਲਨ ਵੌਂਗ ਸਕੂਲ ਬੋਰਡ ਅਤੇ ਜੌਹਨ ਇਰਵਿਨ ਪਾਰਕ ਬੋਰਡ ਦੇ ਮੌਜੂਦਾ ਮੈਂਬਰ ਹਨ। ਪਾਰਕ ਬੋਰਡ ਦੇ ਕਈ ਵਾਰ ਕਮਿਸ਼ਨਰ ਰਹੇ ਸਟੂਅਰਟ ਮੈਕਨਿਨ ਕੌਂਸਲ ਸੀਟ ਲਈ ਚੋਣ ਲੜ ਰਹੇ ਹਨ। ਇਸ ਵਾਰ ਇਕ ਚੀਜ਼ ਜਿਹੜੀ ਗਾਇਬ ਹੈ ਉਹ ਇਹ ਹੈ ਕਿ ਵਿਜ਼ਨ ਦੀ ਇਸ ਵਾਰ ਮੇਅਰ ਲਈ ਉਮੀਦਵਾਰ ਖੜਾ ਕਰਨ ਦੀ ਯੋਜਨਾ ਨਹੀਂ। ਇਹ ਫ਼ੈਸਲਾ ਪਿਛਲੇ ਵੀਕਐਂਡ 'ਤੇ ਨਾਮਜ਼ਦਗੀ ਪ੍ਰਕਿਰਿਆ ਅਤੇ ਵੈਨਕੂਵਰ ਨੂੰ ਦਰਪੇਸ਼ ਮੁੱਦਿਆਂ 'ਤੇ ਚਰਚਾ ਦੌਰਾਨ ਲਿਆ ਗਿਆ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14317 31A AVENUE**




**$4,488,000**

Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

**9858 HUCKLEBERRY DRIVE**




Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555

SUNNY SANGHA
Personal Real Estate Corporation

CENTURY 21 Coastal Realty Ltd.

MLS MEDALLION CLUB MEMBER

Ram Johal
604-356-5555


www.sunnysangha.com | info@sunnysangha.com

# ਸੀਪੀਸੀ ਲੀਡਰਸ਼ਿਪ ਦੌੜ ਵਿਚ ਸ਼ਾਮਿਲ ਉਮੀਦਵਾਰਾਂ ਦੀਆਂ ਨੀਤੀਆਂ 'ਤੇ ਇਕ ਝਾਤ

ਓਟਵਾ-ਸੀਪੀਸੀ ਲੀਡਰਸ਼ਿਪ ਦੀ ਦੌੜ ਵਿਚ ਘੱਟੋ ਘੱਟ 6 ਉਮੀਦਵਾਰ ਸ਼ਾਮਿਲ ਹਨ। ਉਮੀਦਵਾਰਾਂ ਨੂੰ ਇਹ ਫ਼ੈਸਲਾ ਕਰਨਾ ਹੋਵੇਗਾ ਉਨ੍ਹਾਂ ਨੇ ਕਿਸ ਦਾ ਪੱਖ ਲੈਣਾ ਹੈ ਅਤੇ ਉਹ ਕਿਸ ਉੱਪਰ ਹਮਲਾ ਕਰਨਾ ਚਾਹੁੰਦੇ ਹਨ। ਸ਼ੁੱਕਰਵਾਰ ਬਾਅਦ ਦੁਪਹਿਰ ਤਕ ਕੈਨੇਡਾ ਦੀ ਕੰਸਰਵੇਟਿਵ ਪਾਰਟੀ ਦਾ ਅਗਲਾ ਨੇਤਾ ਬਣਨ ਦੀ ਆਸ ਵਿਚ ਘੱਟੋ ਘੱਟ 6 ਉਮੀਦਵਾਰਾਂ ਨੇ ਅੰਤਿਮ ਵੋਟ ਵਿਚ ਸ਼ਾਮਿਲ ਹੋਣ ਲਈ ਆਪਣੇ ਸਿਗਨੇਚਰਸ ਤੇ ਵੱਡੀਆਂ ਰਕਮਾਂ ਦਾਇਰ ਕੀਤੀਆਂ ਹਨ। ਰਣਨੀਤੀਆਂ ਵਿਚ ਤਬਦੀਲੀ ਦੇਖਣ ਲਈ ਤਿਆਰ ਰਹੋ ਕਿਉਂਕਿ ਉਮੀਦਵਾਰ ਮਈ ਵਿਚ ਆ ਰਹੀਆਂ ਡਿਬੇਟਸ ਲਈ ਤਿਆਰੀ ਕਰ ਰਹੇ ਹਨ।

### ਪਿਅਰੇ ਪੋਲੀਵਰੇ ਸਾਰਿਆਂ ਤੋਂ ਅੱਗੇ

ਬਿਨ੍ਹਾਂ ਸ਼ੱਕ ਓਨਟਾਰੀਓ ਐਮਪੀ ਪਿਅਰੇ ਪੋਲੀਵਰੇ ਆਪਣੀ ਲੀਡਰਸ਼ਿਪ ਦੇ ਵਿਰੋਧੀਆਂ ਤੋਂ ਅੱਗੇ ਚਲ ਰਹੇ ਹਨ। ਉਹ ਕੇਵਲ ਕੰਸਰਵੇਟਿਵ ਦੇ ਰਵਾਇਤੀ ਤੌਰ 'ਤੇ ਗੜ੍ਹ ਨਾ ਰਹਿਣ ਵਾਲੇ ਇਲਾਕਿਆਂ ਵਿਚ ਵੱਡੀ ਭੀੜ ਖਿੱਚ ਰਹੇ ਹਨ ਸਗੋਂ ਉਸ ਦੇ ਕੁਲੀਨ ਵਰਗ ਅਤੇ ਗੇਟਕੀਪਰਜ਼ ਖਿਲਾਫ ਹਮਲੇ ਮਿੱਥੇ ਨਿਸ਼ਾਨੇ 'ਤੇ ਪਹੁੰਚ ਰਹੇ ਹਨ। ਉਹ ਕਈ ਵਾਰ ਇਸ਼ਤਿਹਾਰਾਂ ਵਿਚ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਵਿਚ ਕੋਈ ਬਹਾਨੇ ਨਹੀਂ ਬਣਾਉਂਦਾ ਜਿਸ ਤੋਂ ਟੋਰੀਜ਼ ਹੈਰਾਨ ਹਨ ਕਿ ਜੇਕਰ ਉਹ ਲੀਡਰਸ਼ਿਪ ਦੀ ਦੌੜ ਜਿੱਤ ਗਿਆ ਤਾਂ ਪਾਰਟੀ ਕਿਸ ਤਰ੍ਹਾਂ ਦੀ ਲੱਗੇਗੀ।

### ਪੈਟਰਿਕ ਬਰਾਊਨ

ਬਰੈਂਪਟਨ ਦੇ ਮੇਅਰ ਨੂੰ ਕੰਸਰਵੇਟਿਵ ਗੱਠਜੋੜ ਵਿਚ ਸਭ ਤੋਂ ਮਜ਼ਬੂਤ ਗਤੀਸ਼ੀਲ ਲੋਕਾਂ ਵਿਚੋਂ ਇਕ ਵਜੋਂ ਜਾਣਿਆਂ ਜਾਂਦਾ ਹੈ। ਅਤੇ ਉਸ ਦੀ ਟੀਮ ਮੁਤਾਬਿਕ ਉਹ ਆਪਣੇ ਸ਼ਬਦ 'ਤੇ ਸੱਚਾ ਰਿਹਾ ਹੈ।

### ਨੀਤੀ 'ਤੇ ਕੇਂਦਰਿਤ ਜੀਨ ਚਾਰੇਸਟ

ਕਿਊਬਕ ਦੇ ਸਾਬਕਾ ਪ੍ਰੀਮੀਅਰ ਜੀਨ ਚਾਰੇਸਟ ਇਹ ਦਾਅਵਾ ਕਰਦੇ ਹੋਏ ਲੀਡਰਸ਼ਿਪ ਦੀ ਦੌੜ ਵਿਚ ਸ਼ਾਮਿਲ ਹੋਇਆ ਹੈ ਕਿ ਉਹ ਇਸ ਪਾਰਟੀ ਨੂੰ ਜਿੱਤ ਦਿਵਾ ਸਕਦੇ ਹਨ ਪਰ ਅਸਲੀਅਨ ਥੋੜੀ ਜ਼ਿਆਦਾ ਚੁਣੌਤੀਪੂਰਣ ਸਾਬਤ ਹੋ ਰਹੀ ਹੈ। ਰਾਜਨੀਤੀ ਤੋਂ ਇਕ ਦਹਾਕੇ ਲਾਂਭੇ ਰਹਿਣ ਪਿੱਛੋਂ ਉਸ ਨੂੰ ਸਿਆਸਤਦਾਨ ਬਣਨ ਲਈ ਹਕੀਕਤਾਂ ਦਾ ਨਾਲ ਆਪਣੇ ਆਪ ਨੂੰ ਤੇਜ਼ੀ ਨਾਲ ਢਾਲਣਾ ਪਿਆ ਹੈ।



### ਲੈਸਲਿਨ ਲੇਵਿਸ

ਓਨਟਾਰੀਓ ਐਮਪੀ ਲੇਸਲਿਨ ਲੇਵਿਸ ਹੁਣ ਆਪਣੀ ਦੂਸਰੀ ਲੀਡਰਸ਼ਿਪ ਦੌੜ ਵਿਚ ਸ਼ਾਮਿਲ ਹੈ ਅਤੇ ਉਹ ਇਕ ਵਾਰ ਫਿਰ ਪਾਰਟੀ ਦੇ ਸੋਸ਼ਲ ਕੰਸਰਵੇਟਿਵ ਵਿੰਗ ਦੀ ਡਾਰਲਿੰਗ ਬਣ ਗਈ ਹੈ ਅਤੇ ਉਸ ਦੀ ਜਿੱਤ ਲਈ ਕੋਈ ਕਸਰ ਨਹੀਂ ਛੱਡੀ ਜਾ ਰਹੀ।

### ਸਕੌਟ ਏਚਿਸਨ

ਓਨਟਾਰੀਓ ਐਮਪੀ ਸਕੌਟ ਏਚਿਸਨ ਨੇ ਆਪਣੇ ਆਪ ਨੂੰ ਪ੍ਰਮੁੱਖ ਮੁੱਦਿਆਂ 'ਤੇ ਵੱਖ ਕਰਦਿਆਂ ਇਸ ਵੰਡਣ ਵਾਲੀ ਤੇ ਚਿੱਕੜ ਵਾਲੀ ਦੌੜ ਵਿਚ ਆਪਣੇ ਆਪ ਨੂੰ ਏਕਤਾ ਦੇ ਉਮੀਦਵਾਰ ਵਜੋਂ ਪੇਸ਼ ਕੀਤਾ ਹੈ। ਉਹ ਹਾਲ ਹੀ ਵਿਚ ਇਕਲੌਤੇ ਉਮੀਦਵਾਰ ਵਜੋਂ ਸਾਹਮਣੇ ਆਇਆ ਜਿਹੜਾ ਖੇਤੀਬਾੜੀ ਵਿਚ ਸਪਲਾਈ ਪ੍ਰਬੰਧ ਨੂੰ ਪੜਾਅਵਾਰ ਖਤਮ ਕਰਨਾ ਚਾਹੁੰਦਾ ਹੈ।

### ਰੋਮਨ ਬੇਬਰ

ਰੋਮਨ ਬੇਬਰ ਦੀ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨਾਲ ਨਹੀਂ ਬਣਦੀ ਜਿਸ ਨੇ ਉਸ ਨੂੰ ਆਪਣੀ ਕੌਕਸ ਵਿਚੋਂ ਕੱਢ ਦਿੱਤਾ ਸੀ ਪਰ ਉਸ ਦੇ ਹੋਰ ਥਾਵਾਂ 'ਤੇ ਨਿਸ਼ਚਤ ਰੂਪ ਵਿਚ ਦੋਸਤ ਹਨ। ਇਸ ਹਫ਼ਤੇ ਦੇ ਸ਼ੁਰੂ ਵਿਚ ਜਦੋਂ ਉਹ ਨੋਵਾ ਸਕੋਸ਼ੀਆ ਵਿਚ ਹੈਲੀਫੈਕਸ ਗਿਆ ਤਾਂ ਮਾਡਰਨ ਕੰਸਰਵੇਟਿਵ ਪਾਰਟੀ ਦੇ ਸਹਿ-ਸੰਸਥਾਪਕ ਪੀਟਰ ਮੈਕਕੇ ਨੇ ਉਨ੍ਹਾਂ ਨੂੰ ਜਨਤਾ ਸਾਹਮਣੇ ਪੇਸ਼ ਕੀਤਾ ਸੀ ਭਾਵ ਜਾਣ ਪਛਾਣ ਕਰਵਾਈ ਸੀ।

## ਆਫ-ਡਿਊਟੀ ਕੁਰੈਕਸ਼ਨਸ ਅਫਸਰ ਰੰਧਾਵਾ ਨੂੰ ਗਲਤ ਪਛਾਣ ਕਾਰਨ ਕਤਲ ਕਰ ਦਿੱਤਾ ਗਿਆ ਸੀ-ਡੈਲਟਾ ਪੁਲਿਸ

ਵੈਨਕੂਵਰ-ਡੈਲਟਾ ਪੁਲਿਸ ਦਾ ਕਹਿਣਾ ਕਿ ਉਹ ਇਹ ਗੱਲ 'ਤੇ ਰਜ਼ਾਮੰਦ ਹਨ ਕਿ ਇਕ ਸਾਲ ਪਹਿਲਾਂ ਬੀਸੀ ਦੇ ਆਫ ਡਿਊਟੀ ਕੁਰੈਕਸ਼ਨਸ ਅਫਸਰ ਦਾ ਕਤਲ ਮੈਟਰੋ ਵੈਨਕੂਵਰ ਗੈਂਗ ਵਿਵਾਦ ਨਾਲ ਜੁੜਿਆ ਗਲਤ ਪਛਾਣ ਦਾ ਮਾਮਲਾ ਸੀ। ਬਿਕਰਮਜੀਤ ਰੰਧਾਵਾ ਨੂੰ ਇਕ ਮਈ 2021 ਨੂੰ ਨੌਰਥ ਡੈਲਟਾ ਵਿਚ ਵਾਲਮਾਰਟ ਪਾਰਕਿੰਗ ਨੇੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ। ਡਿਪਟੀ ਚੀਫ ਹਰਜ ਸਿੱਧੂ ਨੇ ਇਕ ਨਿਊਜ਼ ਰਿਲੀਜ਼ ਵਿਚ ਦੱਸਿਆ ਕਿ ਜਾਂਚ ਅਧਿਕਾਰੀਆਂ ਦਾ ਮੰਨਣਾ ਕਿ ਰੰਧਾਵਾ ਦੇ ਕਾਤਲਾਂ ਨੇ ਉਸ ਨੂੰ ਗਲਤੀ ਨਾਲ ਲੋਅਰ ਮੇਨਲੈਂਡ ਵਿਚ ਚਲ ਰਹੇ ਗੈਂਗ ਵਿਵਾਦ ਵਿਚ ਸ਼ਾਮਿਲ ਵਿਅਕਤੀ ਸਮਝਿਆ ਸੀ। ਸਿੱਧੂ ਨੇ ਦੱਸਿਆ ਕਿ ਜਾਂਚ ਅਧਿਕਾਰੀਆਂ ਨੂੰ ਭਰੋਸਾ ਹੈ ਕਿ ਉਨ੍ਹਾਂ ਨੇ ਇਸ ਕਤਲ ਵਿਚ ਸ਼ਾਮਿਲ ਸ਼ੱਕੀਆਂ ਦੀ ਪਛਾਣ ਕਰ ਲਈ ਹੈ। ਇਸ ਜਾਂਚ ਨੂੰ ਉੱਚ ਤਰਜੀਹ ਦਿੱਤੀ ਗਈ ਹੈ।

## ਬੀਸੀ ਦੇ ਤਿੰਨ ਇਮੀਗ੍ਰੇਸ਼ਨ ਸਲਾਹਕਾਰਾਂ 'ਤੇ ਘੁਟਾਲੇ ਦੇ ਦੋਸ਼

ਵਿਕਟੋਰੀਆ-ਬੀਸੀ ਸਰਕਾਰ ਨੇ ਦੋਸ਼ ਲਗਾਇਆ ਕਿ ਤਿੰਨ ਇਮੀਗ੍ਰੇਸ਼ਨ ਸਲਾਹਕਾਰ ਘੁਟਾਲੇ ਵਿਚ ਸ਼ਾਮਿਲ ਰਹੇ ਹਨ। ਬੀਸੀ ਸਰਕਾਰ ਨੇ ਆਪਣੇ ਦੋਸ਼ ਵਿਚ ਕਿਹਾ ਕਿ ਤਿੰਨ ਆਪਸ ਵਿਚ ਜੁੜੀਆਂ ਕੰਪਨੀਆਂ ਪ੍ਰਵਾਸੀਆਂ ਨੂੰ ਉਨ੍ਹਾਂ ਨੌਕਰੀਆਂ ਲਈ ਦਸਤਾਵੇਜ਼ ਮੁਹੱਈਆ ਕਰਨ ਵਿਚ ਸਹਾਇਤਾ ਦੀ ਪੇਸ਼ਕਸ਼ ਕਰਦੀਆਂ ਸਨ ਜਿਹੜੀਆਂ ਕਦੇ ਵੀ ਮੌਜੂਦ ਨਹੀਂ ਰਹੀਆਂ। ਸਿਵਲ ਫੋਰਫੀਚਰ ਦੇ ਡਾਇਰੈਕਟਰ ਵਲੋਂ ਦਾਇਰ ਮੁਕੱਦਮੇ ਵਿਚ ਦੋਸ਼ ਲਗਾਇਆ ਕਿ ਐਬਟਸਫੋਰਡ ਤੇ ਸਰੀ ਵਿਚ ਏਜੰਸੀਆਂ ਤਨਖਾਹ ਸਾਈਕਲਿੰਗ ਸਕੀਮਾਂ ਵਿਚ ਸ਼ਾਮਿਲ ਸਨ ਜਿਨ੍ਹਾਂ ਰਾਹੀਂ ਉਹ ਵਿਦੇਸ਼ੀ ਵਰਕਰਾਂ ਤੋਂ ਪੈਸੇ ਲੈ ਕੇ ਜਾਅਲੀ ਨੌਕਰੀਆਂ ਲਈ ਰੋਜ਼ਗਾਰ ਰਿਕਾਰਡ, ਪੇਅ ਸਲਿਪਾਂ ਅਤੇ ਚੈੱਕ ਤਿਆਰ ਕਰਦੇ ਸਨ। ਮੁਕੱਦਮੇ ਵਿਚ ਕਿਹਾ ਕਿ ਇਮੀਗ੍ਰੇਸ਼ਨ ਸਲਾਹਕਾਰਾਂ ਵਿਪਨ ਦੱਤਾ, ਉਸ ਦੀ ਪਤਨੀ ਰਿਤੂ, ਸਲਾਹਕਾਰ ਕੁਲਦੀਪ ਕੌਰ ਅਤੇ ਉਸ ਦੇ ਪਤੀ ਹਰਨੇਕ ਸਿੰਘ ਪੰਨੂੰ ਦੀ ਮਾਲਕੀ ਵਾਲੀ ਜਾਇਦਾਦ ਦਾ ਕਬਜ਼ਾ ਸਰਕਾਰ ਨੂੰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਗੈਰਕਾਨੂੰਨੀ ਕਾਰਵਾਈਆਂ ਵਿਚ ਵਰਤੋਂ ਕੀਤੀ ਗਈ ਹੈ। ਆਪਣੀ ਜਾਂਚ ਦੇ ਸਬੰਧ ਵਿਚ 2020 ਵਿਚ ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਵਲੋਂ ਪ੍ਰਾਪਰਟੀਜ਼ ਦੀ ਕੀਤੀ ਜਾਂਚ ਵਿਚ ਜ਼ਬਤ ਕੀਤੇ 600000 ਡਾਲਰ ਤੋਂ ਵੀ ਜ਼ਿਆਦਾ ਦੀ ਰਕਮ ਵੀ ਸਰਕਾਰ ਆਪਣੇ ਕੋਲ ਰੱਖਣਾ ਚਾਹੁੰਦੀ ਹੈ।



ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

TRANSource FREIGHTWAYS

Pin to Pin (ਯਾਰਡ ਤੋਂ ਯਾਰਡ)

ਕੰਮ ਲਈ Drivers and Owner Operators ਚਾਹੀਦੇ ਹਨ।

ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

SUKHBIR SINGH:604-525-0527 Ext 112

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

ਸ਼ਨੀਵਾਰ: 604-808-9805

Email:safety@transourcefreightways.com




## BUY NOW!!!

## MORE AFFORDABLE LAND PRICE IN EDMONTON, ALBERTA

Beautiful house on 153.40 acres of land with house and large metal shed on property near Edmonton International Airport on HWY 19.







# FEATURED LISTINGS

## SCOTTSDALE AREA

### Great Location in Delta



Completely renovated 1900sq feet 5-bedroom, 2 full baths house located in Delta on 6600sq feet fully fenced lot. Close to all amenities.

### Developers Alert

Great Project to build- New Westminster 45 Town Homes site in New Westminster Queensborough area with P.L.A

### Langley Campbell Valley Area

Well-kept 5-bedroom house on 19.3-acre of RU3 zoned land. Major opportunity to double your investment in few years.

***Coming Soon in Maple Ridge Townhomes plus Single family lots in Cotton Wood Area,***

## STRATA MANAGEMENT

- Attending Council Meetings
- Issuing notices of Annual and Special General Meetings.
- Attending, transcribing and circulating AGM and SGM Notes to owners
- Interpreting and providing assistance with the Strata Property Act, relevant legislations and bylaws to the owners and council.
- Project Management
- Getting the best rates for any contract work
- Preparing monthly financial statements
- Receiving, recording and depositing Strata fees
- Paying accounts Payable on time
- Renewing property appraisal and insurance
- Maintain 24/7 emergency response services & much more.

## PROPERTY MANAGEMENT

- Marketing your properties and Locating suitable tenants
- Checking tenant references for red flags
- Managing your AIRBNB Properties for higher return
- Addressing tenancy issues and taking care of concerns
- Performing move-in inspection
- Collecting damage deposits and rental payments
- Performing move-in and out inspections
- Arranging for required cleaning and maintenance
- Providing 24/7 emergency response & maintenance
- Setup, sign and maintain service contracts (Waste removal, HVAC, Landscaping, Cleaning, Insurance etc.).
- Supervise contractors and ensure performance



# ਵਰਕਰੋ, ਸੇਫਟੀ ਲਈ ਟੋਪ ਪਾਉਣ ਬਾਰੇ ਨਿਯਮ ਬਦਲ ਗਿਆ ਹੈ।



ਜੇ ਤੁਸੀ ਸਖਤ ਹੈਟ ਨਹੀ ਪਾ ਸਕਦੇ ਕਿਉਂਕਿ ਤੁਸੀ ਧਾਰਮਿਕ ਟੋਪ ਜਿਵੇਂ ਪੱਗੜੀ ਪਹਿਨਦੇ ਹੋ ਤਾਂ ਤੁਹਾਡੇ ਕੋਲ ਕੁਝ ਚੋਣਾਂ ਹਨ।

- ਇਸ ਤੋਂ ਪਹਿਲਾਂ ਕਿ ਇਹ ਭਰੋਸਾ ਕੀਤਾ ਜਾਵੇ ਕਿ ਸੇਫਟੀ ਲਈ ਟੋਪ ਤੁ ਹਾਨੂੰ ਸਿਰ ਦੀ ਸੱਟ ਤੋਂ ਸੁ ਰੱ ਖ਼ਿਅਤ ਰੱਖਦਾ ਹੈ , ਸੱਭ ਤੋਂ ਪਹਿਲਾਂ, ਆਪਣੇ ਮਾਲਕ ਜਾਂ ਸੁਪਰਵਾਈਜ਼ਰ ਨਾਲ ਇਹ ਪਤਾ ਕਰਨ ਲਈ ਗੱਲ ਕਰੋ ਕਿ ਮੁਮਕਿਨ ਖ਼ਤਰਿਆਂ ਨੂੰ ਘੱਟ ਤੋ ਘੱਟ ਪੱਧਰ ਤੇ ਘਟਾਉਣ ਜਾਂ ਖ਼ਤਮ ਕਰਨ ਲਈ ਉਹਨਾਂ ਨੇ ਕੀ ਕੀਤਾ ਹੈ।
- ਜੇ ਤੁਹਾਡਾ ਵਰਕਰ ਪ੍ਰਤੀਨਿੱਧ ਹੈ ਜਾਂ ਤੁਹਾਡੇ ਕੰਮ ਵਾਲੀ ਥਾਂ 'ਤੇ ਸਾਂਝੀ ਹੈਲਥ ਅਤੇ ਸੇਫਟੀ ਕਮੇਟੀ ਹੈ ਤਾਂ ਤੁਸੀ ਉਹਨਾਂ ਨਾਲ ਗੱਲ ਕਰ ਸਕਦੇ ਹੋ ਕਿ ਤੁਹਾਡੇ ਮਾਲਕ ਨੇ ਖ਼ਤਰਿਆਂ ਨੂੰ ਘਟਾਉਣ ਲਈ ਕੀ ਕੀਤਾ ਹੈ ਤਾਂ ਕਿ ਸਖ਼ਤ ਹੈਟ ਦੀ ਲੋੜ ਨਾ ਰਹੇ।

worksafebc.com/pa

WORK SAFE BC

# ਨਫਰਤ ਤੋਂ ਪ੍ਰੇਰਿਤ ਹਮਲਿਆਂ ਲਈ ਚਾਰ ਵਿਅਕਤੀਆਂ 'ਤੇ ਦੋਸ਼ ਆਇਦ

ਐਡਮਿੰਟਨ-ਸ਼ਹਿਰ ਵਿਚ ਹੇਟ ਕਰਾਈਮ ਅਫਸਰਾਂ ਨੇ ਐਲਾਨ ਕੀਤਾ ਕਿ 6 ਵੱਖ ਵੱਖ ਘਟਨਾਵਾਂ ਵਿਚ ਚਾਰ ਵਿਅਕਤੀਆਂ ਖਿਲਾਫ ਕੁਲ 22 ਨਵੇਂ ਦੋਸ਼ ਲਗਾਏ ਗਏ ਹਨ। ਅਫਸਰਾਂ ਨੂੰ ਸ਼ੱਕ ਹੈ ਕਿ ਇਹ ਘਟਨਾਵਾਂ ਨਫਰਤ ਤੋਂ ਪ੍ਰੇਰਿਤ ਸਨ। ਐਡਮਿੰਟਨ ਪੁਲਿਸ ਸਰਵਿਸ ਨੇ ਦੱਸਿਆ ਕਿ ਪਿਛਲੇ ਸਾਲ ਜਨਵਰੀ ਤੋਂ ਮਾਰਚ ਤਕ ਵਾਪਰੀਆਂ 13 ਘਟਨਾਵਾਂ ਦੇ ਮੁਕਾਬਲੇ ਇਸ ਸਾਲ ਇਸੇ ਸਮੇਂ ਦੌਰਾਨ ਸ਼ਹਿਰ ਵਿਚ ਨਫਰਤ ਤੋਂ ਪ੍ਰੇਰਿਤ ਅਪਰਾਧਾਂ ਦੀਆਂ 23 ਘਟਨਾਵਾਂ ਵਾਪਰੀਆਂ ਹਨ।

### ਦਸਤਾਰ ਸਜਾਉਣ ਵਾਲੇ ਵਿਅਕਤੀ 'ਤੇ ਹਮਲਾ

ਪੁਲਿਸ ਨੇ ਖੁਲਾਸਾ ਕੀਤਾ ਕਿ 28 ਫਰਵਰੀ ਨੂੰ ਸਾਊਥਗੇਟ ਐਲਆਰਟੀ ਪਲੇਟਫਾਰਮ ਦੱਖਣੀ ਏਸ਼ੀਅਨ ਵਿਅਕਤੀ ਜਿਸ ਨੇ ਦਸਤਾਰ ਸਜਾਈ ਹੋਈ ਸੀ 'ਤੇ ਥੁੱਕਿਆ ਅਤੇ ਧਮਕੀ ਦਿੱਤੀ ਸੀ। ਘਟਨਾ ਦੌਰਾਨ ਹਮਲਾਵਰ ਨਸਲੀ ਟਿੱਪਣੀਆਂ ਕਰਦਾ ਰਿਹਾ। 34 ਸਾਲਾ ਐਂਡਰਿਊ ਐਂਟਨੀਅਸ ਡੋਬਰੋਵਰ 'ਤੇ ਇਸ ਸਬੰਧੀ ਦੋਸ਼ ਲਗਾਏ ਗਏ ਹਨ।

### ਡਰਾਈਵ-ਥਰੂ ਵਰਕਰਾਂ 'ਤੇ ਥੁੱਕਿਆ

ਨਾਰਥ ਐਡਮਿੰਟਨ ਵਿਚ ਦੋ ਡਰਾਈਵ-ਥਰੂ ਵਰਕਰਾਂ 'ਤੇ ਥੁੱਕਿਆ ਗਿਆ ਜਿਨ੍ਹਾਂ ਵਿਚੋਂ ਇਕ ਕਾਲਾ ਅਤੇ ਇਕ ਦੱਖਣੀ ਪੂਰਬੀ ਏਸ਼ੀਅਨ ਸੀ। ਇਸ ਘਟਨਾ ਸਬੰਧੀ 17 ਸਾਲਾ ਲੜਕੇ 'ਤੇ ਦੋਸ਼ ਲਗਾਏ ਗਏ।

### ਪਰਿਵਾਰ 'ਤੇ ਬੰਦੂਕ ਤਾਣੀ

2 ਅਪ੍ਰੈਲ ਨੂੰ ਇਕ ਕਾਲੀ ਔਰਤ ਤੇ ਇਕ ਗੋਰਾ ਵਿਅਕਤੀ ਮੈਕਕੌਲੀ ਦੇ ਗੁਆਂਢ ਵਿਚ ਆਪਣੇ ਬੱਚੇ ਨੂੰ ਸਟ੍ਰੋਲਰ ਵਿਚ ਪਾ ਕੇ ਸੈਰ ਕਰ ਰਹੇ ਸਨ ਤਾਂ ਇਕ ਵਿਅਕਤੀ ਉਨ੍ਹਾਂ 'ਤੇ ਨਸਲੀ ਟਿੱਪਣੀਆਂ ਕਰਨ ਲੱਗ ਪਿਆ ਅਤੇ ਉਨ੍ਹਾਂ ਵੱਲ ਨੂੰ ਬੰਦੂਕ ਤਾਣ ਦਿੱਤੀ। ਇਸ ਸਬੰਧ ਵਿਚ 39 ਸਾਲਾ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਸ ਦੇ ਖਿਲਾਫ 11 ਦੋਸ਼ ਲਗਾਏ ਗਏ ਸਨ। ਉਸ ਦੀ ਮੌਤ ਹੋ ਚੁੱਕੀ ਹੈ।

### ਤਿੰਨ ਕਾਲੇ ਵਿਅਕਤੀਆਂ ਦੀ ਕੁੱਟਮਾਰ

118 ਐਵੇਨਿਊ ਇਲਾਕੇ ਵਿਚ ਤਿੰਨ ਕਾਲੇ ਵਿਅਕਤੀਆਂ 'ਤੇ ਕਥਿਤ ਹਮਲਾ ਕਰਨ ਲਈ 46 ਸਾਲਾ ਗੈਬਰੀਅਲ ਡੇਲ ਕਾਰਡੀਨਲ ਕੁਲ 7 ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

# ਮੈਨੀਟੋਬਾ 'ਚ ਜ਼ਿਆਦਾ ਘਰਾਂ ਵਿਚ ਹੜ੍ਹ ਆਉਣ ਕਾਰਨ ਹੋਰ ਲੋਕਾਂ ਨੇ ਪੈਗੁਇਸ ਫਸਟ ਨੇਸ਼ਨ ਨੂੰ ਛੱਡਿਆ

ਵਿਨੀਪੈਗ-ਲਗਪਗ 200 ਹੋਰ ਲੋਕਾਂ ਨੇ ਪੈਗੁਇਸ ਫਸਟ ਨੇਸ਼ਨ ਨੂੰ ਛੱਡ ਦਿੱਤਾ ਹੈ ਕਿਉਂਕਿ ਮਨੀਟੋਬਾ ਵਿਚ ਹੜ੍ਹਾਂ ਦਾ ਪਾਣੀ ਲਗਾਤਾਰ ਇਲਾਕਿਆਂ ਲਈ ਖ਼ਤਰਾ ਪੈਦਾ ਕਰ ਰਿਹਾ ਹੈ। ਚੀਫ਼ ਗਲੇਨ ਹਡਸਨ ਨੇ ਦੱਸਿਆ ਕਿ ਰਾਤੋ ਰਾਤ ਫਿਸ਼ਰ ਦਰਿਆ ਦਾ ਪਾਣੀ ਥੋੜਾ ਉਪਰ ਆ ਗਿਆ ਸੀ ਅਤੇ ਹੁਣ ਸਥਿਰ ਲਗਦਾ ਹੈ ਪਰ ਪਾਣੀ ਚੜ੍ਹਨ ਨਾਲ ਹੋਰ ਘਰ ਪਾਣੀ ਵਿਚ ਘਿਰ ਗਏ ਜਾਂ ਪਾਣੀ ਘਰਾਂ ਵਿਚ ਦਾਖਲ ਹੋ ਗਿਆ ਹੈ। ਸਨਿਚਰਵਾਰ ਤੋਂ 1400 ਤੋਂ ਵੀ ਜ਼ਿਆਦਾ ਲੋਕ ਕਮਿਊਨਿਟੀ ਛੱਡ ਗਏ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ ਵਿਨੀਪੈਗ ਵਿਚ ਰਹਿ ਰਹੇ ਹਨ। ਸੂਬੇ ਦੇ ਬਹੁਤ ਸਾਰੇ ਹਿੱਸੇ ਸਰਦੀਆਂ ਦੀ ਭਾਰੀ ਬਰਫਬਾਰੀ ਅਤੇ ਕੁਝ ਹਫ਼ਤਿਆਂ ਵਿਚ ਤਿੰਨ ਸਪਰਿੰਗ ਤੂਫਾਨਾਂ ਪਿੱਛੋਂ ਜ਼ਿਆਦਾ ਪਾਣੀ ਨਾਲ ਜੂਝ ਰਹੇ ਹਨ। ਪੈਗੁਇਸ ਦੇ ਦੱਖਣ ਪੂਰਬ ਵਿਚ ਅਰਬੋਰਗ ਕਸਬੇ ਦੇ ਮੁੱਖ ਹਾਈਵੇਅ ਦੇ ਚੌਰਾਹੇ ਨੂੰ ਹੜ੍ਹ ਕਾਰਨ ਬੰਦ ਕਰ ਦਿੱਤਾ ਗਿਆ ਹੈ ਅਤੇ ਵੱਡੇ ਪੰਪ ਲਗਾ ਕੇ ਪਾਣੀ ਆਈਸਲੈਂਡਿਕ ਦਰਿਆ ਵਿਚ ਸੁੱਟਿਆ ਜਾ ਰਿਹਾ ਹੈ। ਵਿਨੀਪੈਗ ਅਤੇ ਅਮਰੀਕਾ ਸਰਹੱਦ ਵਿਚਕਾਰ ਮੁੱਖ ਹਾਈਵੇਅ ਦੇ ਹੋਰ ਦੱਖਣੀ ਸੈਕਸ਼ਨਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਜਿਸ ਕਾਰਨ ਡਰਾਈਵਰਾਂ ਨੂੰ ਪਾਣੀ ਨਾਲ ਭਰੇ ਰੈੱਡ ਦਰਿਆ ਦੇ ਦੁਆਲੇ ਲੰਬਾ ਚੱਕਰ ਲਗਾਉਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਪੈਗੁਇਸ ਵਿਚ ਪਿੱਛੇ ਰਹਿ ਗਏ ਲੋਕ ਸਪਲਾਈ ਤੇ ਲੋਕਾਂ ਨੂੰ ਘਰਾਂ ਨੂੰ ਲਿਜਾਣ ਲਈ ਕਿਸ਼ਤੀਆਂ ਦੀ ਵਰਤੋਂ ਕਰ ਰਹੇ ਹਨ।

## ਓਨਟਾਰੀਓ 'ਚ 2 ਜੂਨ ਹੋਣਗੀਆਂ ਚੋਣਾਂ

ਟੋਰਾਂਟੋ-ਪ੍ਰੀਮੀਅਰ ਡੱਗ ਫੋਰਡ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਓਨਟਾਰੀਓ ਦੇ ਲੈਫਟੀਨੈਂਟ ਗਵਰਨਰ ਐਲਿਜ਼ਾਬੈਥ ਡੌਡਸਵੈਲ ਨੇ ਸੂਬੇ ਦੀ 42 ਵੀ ਪਾਰਲੀਮੈਂਟ ਨੂੰ ਭੰਗ ਕਰਨ ਵਾਲੇ ਐਲਾਨ ਪੱਤਰ 'ਤੇ ਦਸਤਖਤ ਕਰਨ ਲਈ ਪ੍ਰੀਮੀਅਰ ਦੀ ਸਲਾਹ ਨੂੰ ਸਵੀਕਾਰ ਕਰ ਲਿਆ ਹੈ। ਇਲੈਕਸ਼ਨ ਐਕਟ ਦੀਆਂ ਧਾਰਾਵਾਂ ਮੁਤਾਬਿਕ ਲੈਫਟੀਨੈਂਟ ਗਵਰਨਰ ਨੇ ਆਮ ਚੋਣਾਂ ਲਈ 4 ਮਈ 2022 ਨੂੰ ਰਿਟਾਂ ਜਾਰੀ ਕਰਨ ਅਤੇ ਓਨਟਾਰੀਓ ਦੀਆਂ ਅਗਲੀਆਂ ਆਮ ਚੋਣਾਂ ਦੀ ਤਾਰੀਕ ਵਜੋਂ 2 ਜੂਨ 2022 ਨਾਮ ਦੇਣ ਦਾ ਸੱਦਾ ਦਿੱਤਾ ਹੈ। ਪ੍ਰੀਮੀਅਰ ਡੱਗ ਫੋਰਡ ਨੇ ਓਨਟਾਰੀਓ ਦੀ ਲੈਜਿਸਲੇਚਰ ਨੂੰ ਭੰਗ ਕਰਨ ਦੀ ਬੇਨਤੀ ਲਈ ਸੂਬੇ ਦੇ ਲੈਫਟੀਨੈਂਟ ਗਵਰਨਰ ਨੂੰ ਮੰਗਲਵਾਰ ਮਿਲੇ ਸਨ। ਐਲਿਜ਼ਾਬੈਥ ਡੌਡਸਵੈਲ ਨੇ ਉਨ੍ਹਾਂ ਦੀ ਸਿਫਾਰਸ਼ ਨੂੰ ਸਵੀਕਾਰ ਕਰ ਲਿਆ ਅਤੇ ਚੋਣ ਲਈ ਬੁੱਧਵਾਰ ਨੂੰ ਰਿਟਾਂ ਜਾਰੀ ਕਰਨ ਅਤੇ ਰਸਮੀ ਰੂਪ ਵਿਚ 2 ਜੂਨ ਨੂੰ ਚੋਣਾਂ ਦੇ ਦਿਨ ਦਾ ਨਾਂਅ ਦੇਣ ਦਾ ਸੱਦਾ ਦਿੱਤਾ ਹੈ।




## ਕਿੰਗਸਟਨ ਦੇ ਰਾਇਲ ਮਿਲਟਰੀ ਕਾਲਜ ਵਿਖੇ ਚਾਰ ਕੈਡਿਟਾਂ ਦੀ ਮੌਤ ਵਿਚ ਕਿਸੇ ਹਿੰਸਾ ਦਾ ਸ਼ੱਕ ਨਹੀਂ

ਓਟਵਾ-ਜਾਂਚ ਅਧਿਕਾਰੀਆਂ ਨੇ ਕਿਹਾ ਕਿ ਓਨਟਾਰੀਓ ਸੂਬੇ ਵਿਚ ਕਿੰਗਸਟਨ ਦੇ ਰਾਇਲ ਮਿਲਟਰੀ ਕਾਲਜ ਵਿਖੇ ਚਾਰ ਕੈਡਿਟਾਂ ਦੀ ਮੌਤ ਵਿਚ ਕਿਸੇ ਬਾਹਰੀ ਸਰੋਤ 'ਤੇ ਹਿੰਸਾ ਦਾ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ। ਸ਼ੁੱਕਰਵਾਰ ਤੜਕੇ 2 ਵਜੇ ਚਾਰ ਕੈਡਿਟਾਂ ਦੀ ਉਸ ਸਮੇਂ ਮੌਤ ਹੋ ਗਈ ਸੀ ਜਦੋਂ ਆਰਐਮਸੀ ਕੈਂਪਸ 'ਤੇ ਪੁਆਇੰਟ ਫੈਡਰੈਕ ਵਿਖੇ ਉਨ੍ਹਾਂ ਦੀ ਮੋਟਰ ਗੱਡੀ ਪਾਣੀ ਵਿਚ ਡਿਗ ਪਈ ਸੀ। ਸਥਾਨਕ ਮਿਲਟਰੀ ਪੁਲਿਸ ਵਿਭਾਗ ਤੇ ਕਿੰਗਸਟਨ ਪੁਲਿਸ ਦੀ ਸਹਾਇਤਾ ਨਾਲ ਘਟਨਾ ਦੀ ਚਲ ਰਹੀ ਜਾਂਚ ਵਿਚ ਕੈਨੇਡੀਅਨ ਫੋਰਸਿਜ਼ ਨੈਸ਼ਨਲ ਇਨਵੈਸਟੀਗੇਸ਼ਨ ਓਨਟਾਰੀਓ ਕੋਰੋਨਰ ਦੀ ਸਹਾਇਤਾ ਕਰ ਰਹੀ ਹੈ। ਕੈਨੇਡੀਅਨ ਫੋਰਸਿਜ਼ ਪ੍ਰੋਵੋਸਟ ਮਾਰਸ਼ਲ ਦੇ ਦਫ਼ਤਰ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਪਲ ਇਹ ਵਿਸ਼ਵਾਸ਼ ਕਰਨ ਦਾ ਕੋਈ ਕਾਰਨ ਨਹੀਂ ਕਿ ਇਸ ਘਟਨਾ ਨਾਲ ਸਬੰਧਤ ਕਿਸੇ ਬਾਹਰੀ ਸਰੋਤ ਨੇ ਹਿੰਸਾ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੋਰੋਨਰ ਵਲੋਂ ਆਪਣੀ ਰਿਪੋਰਟ ਮੁਕੰਮਲ ਕੀਤੇ ਜਾਣ ਤਕ ਹੋਰ ਜਾਣਕਾਰੀ ਰਿਲੀਜ਼ ਨਹੀਂ ਕੀਤੀ ਜਾਵੇਗੀ।

## ਸਰੀ ਪੁਲਿਸ ਟਰਾਂਜ਼ੀਸ਼ਨ ਲਈ ਐਸਪੀਐਸ-ਆਰਸੀਐਮਪੀ ਮਨੁੱਖੀ ਸਰੋਤ ਰਣਨੀਤੀ ਤੇ ਯੋਜਨਾ ਦਾ ਐਲਾਨ

ਸਰੀ-ਸਰੀ ਪੁਲਿਸ ਸਰਵਿਸ (ਐਸਪੀਐਸ) ਅਤੇ ਆਰਸੀਐਮਪੀ ਦੀ ਰਸਮੀ ਸਹਿਮਤੀ ਅਤੇ ਸਰੀ ਪੁਲਿਸਿੰਗ ਟਰਾਂਜ਼ੀਸ਼ਨ ਟ੍ਰਾਈਲੇਟਰਲ ਕਮੇਟੀ (ਐਸਪੀਟੀਟੀਸੀ) ਦੇ ਸਮਰਥਨ ਨਾਲ ਐਸਪੀਐਸ-ਆਰਸੀਐਮਪੀ ਮਾਨਵੀ ਸਰੋਤ ਰਣਨੀਤੀ ਤੇ ਯੋਜਨਾ ਨਾਲ ਸਰੀ ਵਿਚ ਪੁਲਿਸ ਸਰਵਿਸਿਜ਼ ਟਰਾਂਜ਼ੀਸ਼ਨ ਵਿਚ ਇਕ ਮਹੱਤਵਪੂਰਣ ਮੀਲਪੱਥਰ ਸਥਾਪਤ ਹੋ ਗਿਆ ਹੈ। ਇਹ ਐਚਆਰ ਯੋਜਨਾ ਆਰਸੀਐਮਪੀ, ਐਸਪੀਐਸ ਅਤੇ ਸਰਕਾਰ ਦੇ ਤਿੰਨ ਪੱਧਰਾਂ (ਐਸਪੀਟੀਟੀਸੀ) ਵਿਚਕਾਰ ਸਹਿਯੋਗੀ ਯਤਨ ਦਾ ਸਿੱਟਾ ਹੈ। ਐਚਆਰ ਯੋਜਨਾ ਪੁਲਿਸ ਸੇਵਾਵਾਂ ਆਰਸੀਐਮਪੀ ਤੋਂ ਐਸਪੀਐਸ ਨੂੰ ਦੇਣ ਲਈ ਪਹਿਲੇ ਪੜਾਅ ਨੂੰ ਲਾਗੂ ਕਰਨ ਲਈ ਮਾਰਗ ਦਰਸ਼ਨ ਕਰੇਗੀ।

## ਬਿਕਰਮ ਮਜੀਠੀਆ ਦੀ ਸੁਣਵਾਈ ਦੂਜੀ ਅਦਾਲਤ ਵਿਚ ਤਬਦੀਲ

ਮੁਹਾਲੀ (ਪੱਤਰ ਪ੍ਰੇਰਕ)-ਨਸ਼ਾ ਤਸਕਰੀ ਮਾਮਲੇ ਵਿੱਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਕੇਸ ਦੀ ਸੁਣਵਾਈ ਦੂਜੀ ਅਦਾਲਤ 'ਚ ਤਬਦੀਲ ਕਰ ਦਿੱਤੀ ਗਈ ਹੈ। ਹੁਣ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਵਤਾਰ ਸਿੰਘ ਦੀ ਅਦਾਲਤ ਵਿੱਚ ਇਸ ਕੇਸ ਦੀ ਸੁਣਵਾਈ ਹੋਵੇਗੀ। ਅੱਜ ਅਕਾਲੀ ਆਗੂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਅਦਾਲਤ ਨੇ 18 ਮਈ ਤੱਕ ਮਜੀਠੀਆ ਦੀ ਨਿਆਂਇਕ ਹਿਰਾਸਤ ਹੋਰ ਅੱਗੇ ਵਧਾ ਦਿੱਤੀ ਹੈ। ਮਜੀਠੀਆ ਬੀਤੀ 24 ਫਰਵਰੀ ਨੂੰ ਨਿੱਜੀ ਤੌਰ 'ਤੇ ਮੁਹਾਲੀ ਅਦਾਲਤ ਵਿੱਚ ਪੇਸ਼ ਹੋਏ ਸੀ ਤੇ ਉਸ ਦਿਨ ਤੋਂ ਹੀ ਨਿਆਂਇਕ ਹਿਰਾਸਤ ਅਧੀਨ ਪਟਿਆਲਾ ਜੇਲ੍ਹ ਵਿੱਚ ਬੰਦ ਹਨ।



# ਅਕਾਲੀ ਦਲ ਵੱਲੋਂ ਪੰਜਾਬ-ਦਿੱਲੀ ਸਮਝੌਤਾ ਰੱਦ ਕਰਨ ਦੀ ਮੰਗ

## ਸੁਖਬੀਰ ਦੀ ਅਗਵਾਈ ਹੇਠ ਵਫਦ ਰਾਜਪਾਲ ਨੂੰ ਮਿਲਿਆ

ਚੰਡੀਗੜ੍ਹ (ਦਵਿੰਦਰ ਪਾਲ)--ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕੀਤੀ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਵੱਲੋਂ ਦਿੱਲੀ ਸਰਕਾਰ ਨਾਲ ਕੀਤਾ ਉਹ ਗੈਰ-ਸੰਵਿਧਾਨਕ ਸਮਝੌਤਾ ਰੱਦ ਕਰਨ ਦੀ ਹਦਾਇਤ ਕਰਨ ਜਿਸ ਤਹਿਤ ਸਰਕਾਰ ਨੇ ਸਾਰੀਆਂ ਤਾਕਤਾਂ ਦਿੱਲੀ ਨੂੰ ਸੌਂਪ ਦਿੱਤੀਆਂ ਹਨ। ਪਾਰਟੀ ਨੇ ਇਹ ਵੀ ਮੰਗ ਕੀਤੀ ਹੈ ਕਿ ਪਟਿਆਲਾ ਹਿੰਸਾ ਮਾਮਲੇ ਦੀ ਜਾਂਚ ਸੀਬੀਆਈ ਤੋਂ ਕਰਵਾਈ ਜਾਵੇ ਤਾਂ ਜੋ ਪੰਜਾਬ ਦੀ ਸ਼ਾਂਤੀ ਤੇ ਫਿਰਕੂ ਸਦਭਾਵਨਾ ਭੰਗ ਕਰਨ ਪਿੱਛੇ ਸਾਜ਼ਿਸ਼ ਨੂੰ ਬੇਨਕਾਬ ਕੀਤਾ ਜਾ ਸਕੇ। ਮੁਲਾਕਾਤ ਦੌਰਾਨ ਉਨ੍ਹਾਂ ਇਹ ਵੀ ਮੰਗ ਕੀਤੀ ਕਿ ਕਾਨੂੰਨੀ ਰਾਇ ਲੈ ਕੇ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਮੰਤਰੀਆਂ ਵੱਲੋਂ ਸਰਕਾਰੀ ਫਾਈਲਾਂ ਦਿੱਲੀ ਸਰਕਾਰ ਨੂੰ ਦੇ ਕੇ ਅਹੁਦੇ ਤੇ ਭੇਤ ਗੁਪਤ ਰੱਖਣ ਦੀ ਚੁੱਕੀ ਸਹੁੰ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਢੁੱਕਵੀਂ ਕਾਰਵਾਈ ਕਰਨ। ਅਕਾਲੀ ਦਲ ਨੇ ਕਿਹਾ ਕਿ ਪੰਜਾਬ ਤੇ ਦਿੱਲੀ ਸਰਕਾਰ ਵਿਚਾਲੇ ਹੋਇਆ ਸਮਝੌਤਾ ਸੰਘਵਾਦ ਦੀ ਭਾਵਨਾ ਦੇ ਖ਼ਿਲਾਫ਼ ਹੈ। ਵਫ਼ਦ ਨੇ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਨੂੰ ਹਦਾਇਤ ਦੇਣ ਕਿ ਉਹ ਦਿੱਲੀ ਸਰਕਾਰ ਨੂੰ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਆਗਿਆ ਨਾ ਦੇਵੇ। ਉਨ੍ਹਾਂ ਕਿਹਾ ਕਿ ਕੋਈ ਵੀ ਸਰਕਾਰੀ ਫਾਈਲ ਦਿੱਲੀ ਨਹੀਂ ਭੇਜੀ ਜਾਣੀ ਚਾਹੀਦੀ ਕਿਉਂਕਿ ਪੰਜਾਬੀ ਕਦੇ ਵੀ ਦਿੱਲੀ ਸਰਕਾਰ ਦੀ ਅਧੀਨਗੀ ਬਰਦਾਸ਼ਤ ਨਹੀਂ ਕਰਨਗੇ। ਅਕਾਲੀ ਦਲ ਦੇ ਪ੍ਰਧਾਨ ਨੇ ਰਾਜਪਾਲ ਨੂੰ ਪਟਿਆਲਾ ਵਿੱਚ ਹੋਈ ਹਿੰਸਾ ਬਾਰੇ ਕਿਹਾ ਕਿ ਚਾਰ ਦਿਨ ਪਹਿਲਾਂ ਹੀ ਤਣਾਅ ਹੋਣ ਦੇ ਖ਼ਦਸ਼ੇ ਬਾਰੇ ਸਰਕਾਰ ਨੂੰ ਇਸ ਬਾਰੇ ਚੌਕਸ ਕਰ ਦਿੱਤਾ ਗਿਆ ਸੀ ਪਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਅਕਾਲੀ ਦਲ ਦੇ ਵਫਦ ਨੇ ਕਿਹਾ ਕਿ ਪਟਿਆਲਾ ਹਿੰਸਾ ਮਾਮਲੇ ਵਿੱਚ ਸੀਬੀਆਈ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਜਾਂਚ ਹੀ ਸਾਜ਼ਿਸ਼ ਬੇਨਕਾਬ ਕਰ ਸਕਦੀ ਹੈ ਤੇ ਕੇਸ ਵਿੱਚ ਨਿਆਂ ਕਰ ਸਕਦੀ ਹੈ। ਵਫਦ ਨੇ ਰਾਜਪਾਲ ਨੂੰ ਇਹ ਵੀ ਅਪੀਲ ਕੀਤੀ ਕਿ ਸਰਕਾਰ ਨੂੰ ਹਦਾਇਤ ਦੇਣ ਕਿ ਉਹ ਇਸ਼ਤਿਹਾਰਾਂ ਦੇ ਰੂਪ ਵਿੱਚ ਕਰੋੜਾਂ ਰੁਪਏ ਬਰਬਾਦ ਨਾ ਕਰਨ ਕਿਉਂਕਿ ਪੰਜਾਬ ਸਿਰ ਪਹਿਲਾਂ ਹੀ 3 ਲੱਖ ਕਰੋੜ ਰੁਪਏ ਦਾ ਕਰਜ਼ਾ ਖੜ੍ਹਾ ਹੈ।

# ਐਵਾਰਡ ਵੰਡ ਸਮਾਗਮ 12 ਮਈ ਨੂੰ

ਬਠਿੰਡਾ-ਪੌਂਡੂ ਸਾਹਿਤ ਸਭਾ ਰਜਿਸਟਰਡ ਬਾਲਿਆਂਵਾਲੀ ਵੱਲੋਂ ਪੰਜਾਬ ਦੇ ਸਪੂਤ ਕੈਨੇਡਾ ਸਰਕਾਰ ਪਾਸੋਂ ਸਰਵਸ੍ਰੇਸ਼ਠ ਐਵਾਰਡ ਪ੍ਰਾਪਤ ਕਰਤਾ ਸਰਦਾਰ ਸੁਰਜੀਤ ਸਿੰਘ ਮਾਧੋਪੁਰੀ ਦੇ ਸਹਿਯੋਗ ਨਾਲ ਕਰਵਾਏ ਗਏ ਕਵਿਤਾ ਮੁਕਾਬਲੇ ਵਿਚੋਂ ਜਿੰਨਾਂ ਲੇਖਕਾਂ ਦੀਆਂ ਕਵਿਤਾਵਾਂ ਨੇ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਉਨ੍ਹਾਂ ਨੂੰ ਇਨਾਮ ਸਭਾ ਵੱਲੋਂ ਕਰਵਾਏ ਜਾ ਰਹੇ ਬੱਚਿਆਂ ਦੇਕਵਿਤਾ ਗਾਇਨ ਮੁਕਾਬਲੇ ਸਮੇਂ ਮਿਤੀ 12 ਮਈ ਨੂੰ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬ੍ਰੇਰੀ ਵਿਖੇ ਦਿੱਤੇ ਜਾਣਗੇ। ਇਹ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਸੁਖਦਰਸ਼ਨ ਗਰਗ ਨੇ ਦਿੱਤੀ। ਬ੍ਰਿਗੇਡੀਅਰ ਬੰਤ ਸਿੰਘ ਦੇ ਸਮੁੱਚੇ ਪਰਿਵਾਰ ਵੱਲੋਂ ਉਸ ਦਿਨ ਵਾਟਰ ਕੂਲਰ ਦਾ ਵੀ ਉਦਘਾਟਨ ਕੀਤਾ ਜਾਵੇਗਾ। ਰਾਤ ਨੂੰ ਪ੍ਰਸਿੱਧ ਨਾਟਕ ਮੰਡਲੀ ਵੱਲੋਂ ਨਾਟਕਾਂ ਦੀ ਰਾਤ ਪ੍ਰੋਗਰਾਮ ਰਾਮ ਲੀਲਾ ਗਰਾਊਂਡ ਵਿਖੇ ਪੇਸ਼ ਕੀਤਾ ਜਾਵੇਗਾ। ਮੀਟਿੰਗ ਵਿਚ ਸਭਾ ਦੇ ਪ੍ਰਧਾਨ ਜੀਤ ਸਿੰਘ ਚਹਿਲ, ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਸਿੱਧੂ, ਮੀਤ ਪ੍ਰਧਾਨ ਇੰਦਰ ਸਿੰਘ, ਪੱਤਰਕਾਰ ਨਸੀਬ ਚੰਦ ਸ਼ਰਮਾ, ਪੱਤਰਕਾਰ ਹਰਿੰਦਰ ਹਨੀ, ਸਭਾ ਦੇ ਸਕੱਤਰ ਸੱਤਪਾਲ ਸਿੰਘ ਗਿੱਲ, ਦੇਵਰਾਜ ਅਤੇ ਗੁਰਮੀਤ ਕੁਮਾਰ ਹਾਜ਼ਰ ਸਨ।

# ਨਵਜੋਤ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰਿਆ

ਕੋਟਕਪੂਰਾ-ਪਨਸੀਡ ਵਿੱਚ ਹੋਏ ਬੀਜ ਘੁਟਾਲੇ ਸਬੰਧੀ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਪੰਜਾਬ ਰਾਜ ਸੀਡ ਕਾਰਪੋਰੇਸ਼ਨ ਦੇ ਕੋਟਕਪੂਰਾ ਡਿੱਪੂ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕਿਸਾਨੀ ਦੀ ਹਾਲਤ ਬਹੁਤੀ ਚੰਗੀ ਨਹੀਂ ਹੈ ਤੇ ਨਾ ਹੀ ਕਿਸਾਨ ਦੀ ਹਾਲਤ ਸੁਧਾਰਨ ਵੱਲ ਕੋਈ ਧਿਆਨ ਦੇ ਰਿਹਾ ਹੈ। ਸਿੱਧੂ ਨੇ ਅੰਕੜਿਆਂ ਰਾਹੀਂ ਦੱਸਿਆ ਕਿ ਕਣਕ ਅਤੇ ਝੋਨੇ ਦੀ ਰਕਬੇ ਮੁਤਾਬਕ ਬੀਜ ਦੀ ਮੰਗ ਪੂਰੀ ਨਹੀਂ ਹੋ ਰਹੀ ਤੇ ਕਾਲਾਬਾਜ਼ਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਪਨਸੀਡ 35 ਰੁਪਏ ਬੀਜ ਪ੍ਰਾਈਵੇਟ ਡੀਲਰਾਂ ਨੂੰ ਵੇਚ ਰਿਹਾ ਹੈ ਤੇ ਅੱਗੋਂ ਕਿਸਾਨਾਂ ਨੂੰ 250 ਰੁਪਏ ਮਿਲ ਰਿਹਾ ਹੈ। ਉਨ੍ਹਾਂ ਆਖਿਆ ਕਿ ਕਿਸਾਨਾਂ ਨੂੰ ਪ੍ਰਾਈਵੇਟ ਡੀਲਰਾਂ ਹਵਾਲੇ ਕੀਤਾ ਹੋਇਆ ਹੈ। ਭਗਵੰਤ ਮਾਨ ਨੂੰ ਘੇਰਦਿਆਂ ਸਿੱਧੂ ਨੇ ਕਿਹਾ, "ਹੁਣ ਕਿੱਧਰ ਗਿਆ ਤੁਹਾਡਾ ਦਿੱਲੀ ਮਾਡਲ, ਅਸੀਂ ਵੀ ਕਹਿੰਦੇ ਸੀ ਕਿ ਫਸਲੀ ਵਿਭਿੰਨਤਾ ਲਿਆਉਣ ਦੀ ਲੋੜ ਹੈ ਪਰ ਇਨ੍ਹਾਂ ਨੇ ਕਿਹਾ ਬਹੁਤ ਕੁਝ ਪਰ ਪੂਰਾ ਕੁਝ ਵੀ ਨਹੀਂ ਕੀਤਾ। ਭਗਵੰਤ ਮਾਨ ਗੱਲਾਂ ਮਾਰਨ ਦੀ ਬਜਾਏ ਕੁਝ ਕਰਕੇ ਵਿਖਾਉਣ। ਇਸ ਮੌਕੇ ਕਿਸਾਨ ਗੁਰਮੇਲ ਸਿੰਘ ਨੇ ਕਿਹਾ ਕਿ ਨਵਜੋਤ ਸਿੰਘ ਸਿੱਧੂ ਨੇ ਸਿਰਫ ਡਰਾਮਾ ਕੀਤਾ ਹੈ, ਨਾ ਉਹ ਕਿਸੇ ਕਿਸਾਨ ਨੂੰ ਮਿਲੇ, ਨਾ ਕਿਸੇ ਅਧਿਕਾਰੀ ਨੂੰ ਤੇ ਨਾ ਹੀ ਮਸਲੇ ਬਾਰੇ ਪੁੱਛਿਆ। ਕਿਸਾਨ ਮਨਦੀਪ ਸਿੰਘ ਸੰਧਵਾਂ ਨੇ ਦੋਸ਼ ਲਾਇਆ ਕਿ ਬੀਤੇ ਦਿਨ ਕਾਲਾਬਾਜ਼ਾਰੀ ਮਾਮਲੇ 'ਚ ਮੌਕੇ 'ਤੇ ਪੁੱਜੇ ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਸੀ ਕਿ ਕਾਰਵਾਈ ਕੀਤੀ ਜਾਵੇਗੀ ਪਰ ਬਾਅਦ ਵਿੱਚ ਇਹ ਕਹਿ ਕੇ ਮਾਮਲਾ ਟਾਲ ਦਿੱਤਾ ਕਿ ਉਨ੍ਹਾਂ ਕੋਲ ਸਾਰੇ ਕਾਗਜ਼-ਪੱਤਰ ਪੂਰੇ ਹਨ।






ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਬਹਾਦਰ ਸ਼ਾਹ

1117 ਸਾਡੇ ਉਤੇ ਇਸਨੇ ਕਰਮ ਕੀਤੇ, ਕਿਵੇਂ ਦੇਵਾਂ ਮੈਂ ਭਲਾ ਮੀਆਂ।
ਮੇਰੇ ਉਤੇ ਨਾ ਆਏ ਇਲਜ਼ਾਮ ਕੋਈ, ਦਿਉ ਐਸੀ ਕੋਈ ਸਲਾਹ ਮੀਆਂ।
ਇਸ ਤੋਂ ਪਹਿਲਾਂ ਪੀਰ ਕੋਈ ਕਰੇ ਕਾਰਾ, ਰੋੜਾ ਰਾਹ 'ਚੋਂ ਦਿਉ ਹਟਾ ਮੀਆਂ।
ਰਾਜਪੂਤਾਂ ਅਤੇ ਮਰਾਠਿਆਂ ਨੂੰ, ਹਰਚੰਦ ਸਿੰਘਾ ਨਾ ਦੇਵੇ ਭੜਕਾਅ ਮੀਆਂ॥

### ਦਰਬਾਰੀਆਂ ਦਾ ਸੁਝਾਅ

1118 ਜਹਾਂ ਪਨਾਹ! ਕਰੋ ਤਿਆਰ ਬੰਦੇ, ਪਿੱਛੇ ਗੁਰਾਂ ਦੇ ਦੇਈਏ ਲਾ ਸਾਈਂ।
ਦਰ ਪੀਰ ਦਾ ਖੁੱਲ੍ਹਾ ਹੈ ਸਭ ਲਈ, ਸੇਵਾ ਕਰਨ ਉਸਦੀ ਜਾ ਸਾਈਂ।
ਰਾਸ਼ਣ-ਪਾਣੀ ਪੀਰ ਨੂੰ ਦੇਉ ਖੁੱਲ੍ਹਾ, ਉਤੋਂ ਦੋਸਤੀ ਲਓ ਚਮਕਾ ਸਾਈਂ।
ਸਮਾਂ ਤਾੜ ਕੇ ਉਹ ਹਰਚੰਦ ਸਿੰਘਾ, ਖੰਜਰ ਉਸ ਤੇ ਦੇਣ ਚਲਾ ਸਾਈਂ॥

### ਬਹਾਦਰ ਸ਼ਾਹ ਨੇ ਬੰਦੇ ਮਗਰ ਲਾਉਣੇ

1119 ਵਜ਼ੀਰ ਖਾਂ ਨੇ ਦਿੱਲੀ ਬਾਦਸ਼ਾਹ ਨੂੰ, ਅਰਜ ਕਰੀ ਸੀ ਕੋਲ ਬਹਾ ਕੇ ਜੀ।
ਕਰਨੀ ਵਾਲਾ ਹਿੰਦੂ ਪੀਰ ਇਹੇ, ਰਹਿਣਾ ਇਸ ਤੋਂ ਬਚ-ਬਚਾ ਕੇ ਜੀ।
ਸਮਾਂ ਲੱਗੇ ਤਾਂ ਕੰਮ ਮੁਕਾ ਦੇਣਾ, ਨਾਲੇ ਰੱਖਿਓ ਦੋਸਤੀ ਪਾ ਕੇ ਜੀ।
ਹਰਚੰਦ ਸਿੰਘਾ ਪੰਜਾਬ ਨਾ ਭੜਕ ਪਏ, ਕੰਮ ਕਰਿਓ ਦੂਰ ਲਿਜਾ ਕੇ ਜੀ॥

### ਬਹਾਦਰ ਸ਼ਾਹ ਨੇ ਦੋ ਪਠਾਣ ਤਿਆਰ ਕਰਨੇ

1120 ਵਜ਼ੀਰ ਖਾਂ ਦੀ ਮਿਲੀ ਭੁਗਤ ਰਾਹੀਂ, ਪਠਾਣ ਗੱਭਰੂ ਕਰੇ ਤਿਆਰ ਮੀਆਂ।
ਲਾਲਚ ਦੇ ਕੇ ਧਨ-ਨਵਾਬੀਆ ਦੇ, ਚਾੜ੍ਹ ਲਾਲਚ ਦਾ ਦਿੱਤਾ ਬੁਖਾਰ ਮੀਆਂ।
ਤੁਸੀਂ ਉੱਚੀ ਜ਼ਾਤ ਹੋ ਮੋਮਨਾ ਦੀ, ਘਣਾ ਇਸਲਾਮ ਦੇ ਨਾਲ ਪਿਆਰ ਮੀਆਂ।
ਇਸ ਪੀਰ ਨੇ ਬੜੇ ਪਠਾਣ ਮਾਰੇ, ਦਿਓ ਉਨ੍ਹਾਂ ਦਾ ਕਰਜ਼ ਉਤਾਰ ਮੀਆਂ॥

1121 ਥੋਡੇ ਵਾਸਤੇ ਇਹ ਨਹੀਂ ਕੰਮ ਔਖਾ, ਤੁਸਾਂ ਲੜੀਆਂ ਬਹੁਤ ਲੜਾਈਆਂ ਨੇ।
ਪਿਉ-ਦਾਦੇ ਇਸਲਾਮ ਲਈ ਲੜ ਮੋਏ, ਪਿੱਠਾਂ ਮੂਲ ਨਾ ਉਨ੍ਹਾਂ ਦਿਖਾਈਆਂ ਨੇ।
ਥੋਡੇ ਉਤੇ ਅਸਾਂ ਨੂੰ ਫ਼ਖਰ ਬੜਾ, ਨਜ਼ਰਾਂ ਤਾਂ ਹੀ, ਥੋਡੇ ਤੇ ਆਈਆਂ ਨੇ।
ਕਤਲ ਪੀਰ ਨੂੰ ਕਰਕੇ ਜਦ ਆਏ, ਥੋਨੂੰ ਮਿਲਣੀਆਂ ਬਹੁਤ ਵਧਾਈਆਂ ਨੇ॥

### ਅਤਾਉਲਾ ਅਤੇ ਗੁਲ ਖਾਂ ਤਿਆਰ ਕਰਨਾ

1122 ਅਤਾਉਲਾ ਤੇ ਗੁਲ ਖ਼ਾਨ ਤਾਈਂ, ਕੋਲ ਸੱਦ ਕੇ ਸਭ ਸਮਝਾਇਆ ਏ।
ਚੋਖੀ ਮਾਇਆ ਉਨ੍ਹਾਂ ਨੇ ਬੰਨ੍ਹ ਪੱਲੇ, ਨਾਂਦੇੜ ਸ਼ਹਿਰ ਦੇ ਰਸਤੇ ਪਾਇਆ ਏ।
ਚੰਗੀ ਥਾਂ ਟਿਕਾਣਾ ਕਰ ਦਿੱਤਾ, ਥਾਂ ਥਾਂ ਤੇ ਤੁਰਕ ਬਹਾਇਆ ਏ।
ਜਾ ਪਰੇਮ ਦੇ ਨਾਲ ਹਰਚੰਦ ਸਿੰਘਾ, ਉਨ੍ਹਾਂ ਗੁਰਾਂ ਨੂੰ ਸੀਸ ਝੁਕਾਇਆ ਏ॥

1123 ਬੰਦੇ ਹੋਰ ਵੀ ਉਨ੍ਹਾਂ ਦੇ ਨਾਲ ਆਉਂਦੇ, ਆ ਕੇ ਸੇਵਾ ਦਰਬਾਰ ਦੀ ਕਰਨ ਲੱਗੇ।
ਪਾਣੀ ਛਿੜਕ ਕੇ ਝਾੜੂ ਮਾਰਦੇ ਨੇ, ਲੱਕੜਾਂ ਪਾੜ ਕੇ ਚੁਰਾਂ ਭਰਨ ਲੱਗੇ।
ਸਾਡਾ ਨਹੀਂ ਸਹਾਰਾ ਹੋਰ ਕੋਈ, ਅਸੀਂ ਆ ਕੇ ਗੁਰਾਂ ਦੀ ਸ਼ਰਨ ਲੱਗੇ।
ਪ੍ਰਸ਼ਾਦੇ ਛੱਕ ਕੇ ਬਾਣੀ ਸੁਣਨ ਬਹਿ ਕੇ, ਵਾਂਙ ਭਗਤਾਂ ਧਿਆਨ ਉਹ ਧਰਨ ਲੱਗੇ॥

### ਹਜੂਰੀਏ ਸਿੰਘਾਂ ਦੀ ਗੁਰੂ ਜੀ ਨੂੰ ਬੇਨਤੀ

1124 ਹਜੂਰੀ ਸਿੰਘ ਭਾਈ ਸੰਤੋਖ ਸਿੰਘ ਜੀ, ਗੁਰੂ ਜੀ ਨੂੰ ਇੱਕ ਦਿਨ ਆਖਦੇ ਨੇ।
ਕਈ ਦਿਨਾਂ ਤੋਂ ਬੰਦੇ ਜੋ ਇਹ ਆਉਂਦੇ, ਮੈਨੂੰ ਲੋਕ ਇਹ ਸ਼ੱਕੀ ਜਾਪਦੇ ਨੇ।
ਸ਼ਰਧਾ ਵਾਲੀ ਇਨ੍ਹਾਂ ਦੀ ਅੱਖ ਨਾਹੀ, ਨੇਤਰ ਭਰੇ ਵੈਰ ਤੇ ਪਾਪ ਦੇ ਨੇ।
ਹਰਚੰਦ ਸਿੰਘਾ ਹੱਥੀਂ ਇਹ ਸੇਵ ਕਰਦੇ, ਨਿਗਾਹਾਂ ਨਾਲ ਇਹ ਧਰਤੀ ਮਾਪਦੇ ਨੇ॥

1125 ਕਦੇ ਜਾ ਗੋਦਾਵਰੀ ਵਿਚ ਵੜਦੇ, ਘੜੇ ਭਰ ਕੇ ਪਾਣੀ ਲਿਆਂਵਦੇ ਨੇ।
ਡੂੰਘਾਈ ਨਾਪਦੇ ਜਾ ਕੇ ਪਾਣੀਆਂ ਦੀ, ਦੂਜੇ ਕੰਢੇ ਜਾ ਤਾਰੀਆਂ ਲਾਂਵਦੇ ਨੇ।
ਝਾੜੂ ਮਾਰ ਦੇ ਤੰਬੂਆਂ ਵਿਚ ਜਾ ਕੇ, ਘਾਅ ਝਾੜਕੇ ਘੋੜਿਆਂ ਪਾਂਵਦੇ ਨੇ।
ਲਿੱਦ ਢੋਂਦੇ ਚੱਕ ਹਰਚੰਦ ਸਿੰਘਾ, ਵਿਉਂਤ ਲਗਦੈ ਕੋਈ ਬਣਾਂਵਦੇ ਨੇ॥

### ਸਤਿਗੁਰਾਂ ਦਾ ਸਿੰਘਾਂ ਨੂੰ ਉੱਤਰ

1126 ਇਹ ਦਰਬਾਰ ਹੈ ਨਾਨਕ ਪਾਤਿਸ਼ਾਹ ਦਾ, ਇੱਥੇ ਕੋਈ ਵੀ ਸਿੰਘੋ ਆ ਸਕਦਾ।
ਇਸ ਦਰ ਦੀ ਸੇਵਾ ਕਰ ਸਕਦਾ, ਇਨ੍ਹਾਂ ਲੰਗਰਾਂ ਵਿੱਚੋਂ ਖਾ ਸਕਦਾ।
ਨਜ਼ਰ ਰੱਖੋ ਚੰਗੇ ਮਾੜਿਆਂ ਤੇ, ਇੱਥੇ ਆਉਣ ਤੋਂ ਨਹੀਂ ਹਟਾ ਸਕਦਾ।
ਖਤਾ ਕਰਕੇ ਇੱਥੋਂ ਹਰਚੰਦ ਸਿੰਘਾ, ਕੋਈ ਸਾਬਤ ਘਰ ਨਹੀਂ ਜਾ ਸਕਦਾ॥

### ਗੁਰੂ ਜੀਆਂ ਨੇ ਆਪਣੇ ਮਹਿਲ (ਮਾਤਾ ਸਾਹਿਬ ਕੌਰ) ਜੀ ਨੂੰ ਦਿੱਲੀ ਭੇਜਣਾ

1127 ਗੁਰਾਂ ਹੁਕਮ ਕੀਤਾ ਆਪਣੇ ਮਹਿਲ (ਧਰਮ ਪਤਨੀ) ਤਾਈਂ, ਚਾਲੇ ਦਿੱਲੀ ਵੱਲ ਨੂੰ ਪਾਓ ਛੇਤੀ।
ਅਕਾਲ ਪੁਰਖ ਦਾ ਹੁਕਮ ਇਹ ਆਖਦਾ ਏ, ਤੁਸੀਂ ਆਪਣੀ ਥਾਂ ਤੇ ਜਾਓ ਛੇਤੀ।
ਮਨੀ ਸਿੰਘ ਜੀ ਜਾਣਗੇ ਨਾਲ ਲੈ ਕੇ, ਪੰਧ ਬਿਖੜਾ ਤੁਸੀਂ ਮੁਕਾਓ ਛੇਤੀ।
ਦੇਰ ਕਰੋ ਨਾ ਹੋਰ ਹਰਚੰਦ ਸਿੰਘਾ, ਰੱਥ ਗੱਡਾ, ਤੁਸੀਂ ਮੰਗਾਓ ਛੇਤੀ॥

### ਮਾਤਾ ਸਾਹਿਬ ਦੇਵਾਂ (ਕੌਰ) ਜੀ ਦੀ ਬੇਨਤੀ

1128 ਮੇਰੇ ਸਾਹਿਬਾ ਮੇਰੇ ਪਾਤਿਸ਼ਾਹ ਜੀ, ਇਹ ਕਿਹੋ ਜਿਹਾ ਹੁਕਮ ਸੁਣਾ ਦਿੱਤਾ।
ਪਹਿਲੇ ਘਾਬ ਅਜੇ ਨਾ ਠੀਕ ਹੋਏ, ਫੱਟ ਫੇਰ ਵਿਛੋੜੇ ਦਾ ਲਾ ਦਿੱਤਾ।
ਮਸੀਂ ਅਸਾਂ ਵੈਰਾਗ ਨੂੰ ਥੰਮਿਆ ਸੀ, ਦੋਖੀ ਜਾਨ ਦਾ ਮੁੜ ਜਗਾ ਦਿੱਤਾ।
ਅਜੇ ਰੋਜ ਨਾ ਅਸੀਂ ਦੀਦਾਰ ਕੀਤਾ, ਮੁੜ ਬੱਦਲੀ ਚੰਦ ਛੁਪਾ ਦਿੱਤਾ॥

1129 ਰਾਹ ਲੰਬੇ ਲਤਾੜ ਕੇ ਅਸੀਂ ਆਏ, ਸੇਵਾ ਆਪਦੀ ਹੱਥੀਂ ਕਮਾਵਣੇ ਨੂੰ।
ਸਾਡੇ ਕਰਮਾਂ ਵਿਚ ਕੀ ਖੋਟ ਹੋਈ, ਹਿਜ਼ਰ ਮਿਲਿਆ ਸਾਨੂੰ ਹੰਢਾਵਣੇ ਨੂੰ।
ਚਿੱਤ ਕਰੇ ਖੋਭ ਕਟਾਰ ਲਵਾਂ, ਚਿੱਤ ਕਰੇ ਨਾ ਛੱਡ ਕੇ ਜਾਵਣੇ ਨੂੰ।
ਹਰਚੰਦ ਸਿੰਘਾ ਮਰਦਾਂ ਹੱਕ ਸਾਂਭੇ, ਅਸੀਂ ਰਹਿ ਗਈਆਂ ਠੋਕਰਾਂ ਖਾਵਣੇ ਨੂੰ॥

1130 ਹਰਾ ਭਰਾ ਕੰਢਾ ਗੋਦਾਵਰੀ ਦਾ, ਸਾਡੇ ਮਨ ਨੂੰ ਬੜਾ ਹੀ ਭਾਂਵਦਾ ਏ।
ਸੁੱਖ ਸ਼ਾਂਤੀ ਆਪਦੀ ਓਟ ਸਾਨੂੰ, ਅਨੰਦ ਜੀਣ ਦਾ ਬੜਾ ਹੀ ਆਂਵਦਾ ਏ।
ਜਿੰਦ ਮੁੱਕੇ ਆਪਦੇ ਰਹਿ ਕੋਲੇ, ਆਪ ਬਿਨਾਂ ਨਰਕ ਸਦਾਂਵਦਾ ਏ।
ਪਤੀ ਬਿਨਾਂ ਜੂਨ ਕੀ ਪਤਨੀ ਦੀ, ਸੌ ਗੱਲਾਂ ਜੱਗ ਬਣਾਂਵਦਾ ਏ॥

1131 ਪਤੀ-ਪਤਨੀ ਉਮਰਾ ਰਹਿਣ ਕੱਠੇ, ਇਸ ਜੱਗ ਦਾ ਇਹ ਦਸਤੂਰ ਸਾਈਂ।
ਅੱਜ ਇਹ ਵੀ ਦੇਵੋ ਜਵਾਬ ਮੈਨੂੰ, ਕਿਉਂ ਰੱਖਦੇ ਆਪ ਤੋਂ ਦੂਰ ਸਾਈਂ।
ਕਿਸ ਗੱਲ ਤੋਂ ਨਹੀਂ ਪਸੰਦ ਕਰਦੇ, ਦੱਸੋ ਸਾਡਾ ਕੀ ਕਸੂਰ ਸਾਈਂ।
ਸੀਤਾ ਲਈ ਸੀ ਰਾਮ ਨੇ ਯੁੱਧ ਕੀਤਾ, ਤੁਸੀਂ ਰੋਲ ਤੇ ਆਪਣੇ ਨੂਰ ਸਾਈਂ॥

1132 ਅਸੀਂ ਆਪਦੇ ਕੰਮ ਨਾ ਬਿਘਨ ਪਾਈਏ, ਬਹਿ ਕੇ ਰੱਬ ਦਾ ਨਾਮ ਧਿਆਂਵਦੇ ਹਾਂ।
ਦੋ ਪ੍ਰਸਾਦੇ ਆਪਦੇ ਲੰਗਰਾਂ 'ਚੋਂ, ਸੇਵਾ ਕਰਕੇ ਅਸੀਂ ਤੇ ਖਾਂਵਦੇ ਹਾਂ।
ਗੋਦ ਬੈਠ ਕੇ ਮਾਂ ਗੋਦਾਵਰੀ ਦੀ, ਅਸੀਂ ਆਪਣਾ ਸਮਾਂ ਲੰਘਾਂਵਦੇ ਹਾਂ।
ਹਰ ਸਾਹ ਸੱਚੇ ਪਾਤਿਸ਼ਾਹ ਜੀ, ਅਸੀਂ ਆਪਦੀ ਸੁੱਖ ਮਨਾਂਵਦੇ ਹਾਂ॥

1133 ਨਾ ਧੀ ਨਾ ਪੁੱਤ ਨਾ ਭੈਣ-ਭਾਈ, ਵਿੱਚ ਦਿੱਲੀ ਦੇ 'ਕੱਲੀ ਜਾਨ ਦਾਤਾ।
ਮਾਂ-ਬਾਪ ਤੇ ਨਾ ਹੀ ਸੱਸ-ਸਹੁਰਾ, ਕਿਤੇ ਆਨ ਨਾ ਕਿਤੇ ਜਾਣ ਦਾਤਾ।
ਪਤੀ ਹੁੰਦਿਆਂ ਸੁੱਟੜਾਂ ਵਾਂਙ ਰਹੀਏ, ਕੀ ਸਾਡੇ ਵਿਚ ਹੈ ਕਾਣ ਦਾਤਾ।
ਹਰਚੰਦ ਸਿੰਘਾ ਪਤੀ ਦੇ ਚਰਨ ਜਿੱਥੇ, ਉਹੀ ਨਾਰ ਦਾ ਹੁੰਦਾ ਮਕਾਨ ਦਾਤਾ॥

1134 ਹੱਥ ਜੋੜ ਕੇ ਵਾਸਤੇ ਪਾਂਵਦੀ ਹਾਂ, ਦਿੱਲੀ ਜਾਣ ਦਾ ਰੱਦ ਫ਼ਰਮਾਨ ਹੋਵੇ।
ਪ੍ਰਮੇਸ਼ਰ ਆਪ ਦੇ ਧੋਏ ਚਰਨ ਦਾਸੀ, ਸੇਵਾ ਸਾਡੀ ਦਰ ਪ੍ਰਵਾਨ ਹੋਵੇ।
ਮੀਰਾਂ ਵਾਂਙ ਮੈਂ ਗਾਵਾਂ ਭਜਨ ਦਾਤਾ, ਦਿਆਲ ਸਾਡੇ ਤੇ ਸਾਡਾ ਭਗਵਾਨ ਹੋਵੇ।
ਰਹਾਂ ਤੱਕਦੀ ਚੰਦ ਚੱਕਰ ਵਾਂਙੂ, ਜੀਣਾ-ਮਰਨਾ ਸਾਡਾ ਆਸਾਨ ਹੋਵੇ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE 1973 THE LINK GROUP 2022
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ, ਉਮਰ 38, ਕੱਦ 5'8". ਥੋੜ੍ਹੀ ਜਿਹੀ ਡਿਸਪੈਰਿਟੀ, ਦੇਖਣ ਨੂੰ ਨਾਰਮਲ ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਡਿਸਪੈਰਿਟੀ ਵਾਲੀ ਲੜਕੀ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 778-760-3981, Email: kashkaur59@gmail.com

may 07

◆◆◆◆◆◆◆◆◆◆◆◆◆◆

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 604-901-9044

may 07

◆◆◆◆◆◆◆◆◆◆◆◆◆◆

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 30 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਆਪਣਾ ਕਿਚਨ ਕੈਬਿਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ap23

◆◆◆◆◆◆◆◆◆◆◆◆◆◆

ਲੁਧਿਆਣੇ ਨਾਲ ਸਬੰਧਤ ਕੈਨੇਡਾ ਵਿਚ ਰਹਿ ਰਹੇ 30 ਸਾਲਾ, ਕੱਦ 5'8" ਰਾਮਗੜ੍ਹੀਆ ਧਨੀ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਭਾਰਤ ਵਿਚ ਵੈੱਲ ਸੈਟਲਡ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- 8427795577 (ਵਟਸ ਐਪ), ਕਾਲ: 7788896191//2363308884

mar 12

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

◆◆◆◆◆◆◆◆◆◆◆◆◆◆

ਜੱਟ ਸਿੱਖ ਪਰਿਵਾਰ ਆਪਣੀ ਲੜਕੀ ਉਮਰ 25 ਸਾਲ, ਕੱਦ 5'4", ਸੋਹਣੀ ਸੁਨੱਖੀ , ਐੱਮ.ਬੀ.ਬੀ.ਐੱਸ. (MBBS) ਲਈ ਲੜਕੇ ਦੀ ਤਲਾਸ਼ ਕਰ ਰਹੇ ਹਨ। ਲੜਕਾ ਡਾਕਟਰ ਅਤੇ ਜੱਟ ਸਿੱਖ ਪਰਿਵਾਰ ਦਾ ਹੋਣਾ ਚਾਹੀਦਾ ਹੈ ਅਤੇ ਕੈਨੇਡਾ ਦਾ ਨਾਗਰਿਕ ਜਾਂ ਪੀ.ਆਰ. ਹੋਣਾ ਚਾਹੀਦਾ ਹੈ। ਲੜਕੀ ਦਾ ਪਰਿਵਾਰ ਵੈਨਕੂਵਰ ਬਹੁਤ ਮਸ਼ਹੂਰ ਅਤੇ ਵਧੀਆ ਸੈਟਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ:604-377-4085

◆◆◆◆◆◆◆◆◆◆◆◆◆◆

### ਜੀਵਨ ਸਾਥਣ ਦੀ ਲੋੜ

50+ ਸਾਲਾਂ ਕਨੇਡੀਅਨ ਸਿਟੀਜ਼ਨ ਵਿਧਵਾ ਵਿਅਕਤੀ, ਬਹੁਤ ਸੁੰਦਰ, ਅਥਲੀਟ, ਬਹੁਤ ਜਵਾਨ,ਲਈ ਪੀ ਆਰ ਜਾਂ ਕਨੇਡੀਅਨ ਸਿਟੀਜ਼ਨ ਜੀਵਨ ਸਾਥਣ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਨਵੇਂ ਇੰਮੀਗਰਾਂਟ ਵੀ ਸਪੰਰਕ ਕਰ ਸਕਦੇ ਹਨ। ਸੰਪਰਕ-604-765-8531

may 07

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿੱਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ ਕਰੋ: 604-307-7008

◆◆◆◆◆◆◆◆◆◆◆◆◆◆

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-339-2389

## EMPLOYMENTS

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

◆◆◆◆◆◆◆◆◆◆◆◆◆◆

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ: ਸਾਹਿਬ ਸਿੰਘ : 778-863-9000

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ਼ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ। ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਆਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਓ। ਹੋਰ ਜਾਣਕਾਰੀ ਲਈ ਸੰਪਰਕ ਕਰ:604-298-5000

ap 23

◆◆◆◆◆◆◆◆◆◆◆◆◆◆

# ਨਾੜ ਨੂੰ ਲਗਾਈ ਅੱਗ ਦੀ ਲਪੇਟ ਵਿਚ ਆਈ ਸਕੂਲ ਬੱਸ-7 ਬੱਚੇ ਜ਼ਖਮੀ

ਬਟਾਲਾ-ਨਵਾਂ ਪਿੰਡ ਬਰਕੀਵਾਲ ਵਿੱਚ ਇੱਕ ਨਿੱਜੀ ਸਕੂਲ ਦੀ ਬੱਸ ਨਾੜ ਨੂੰ ਲੱਗੀ ਅੱਗ ਦੀ ਲਪੇਟ 'ਚ ਆ ਗਈ, ਜਿਸ ਕਾਰਨ ਸੱਤ ਬੱਚੇ ਝੁਲਸ ਗਏ ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਗੰਭੀਰ ਹੈ। ਥਾਣਾ ਕਿਲ੍ਹਾ ਲਾਲ ਸਿੰਘ ਦੀ ਪੁਲੀਸ ਨੇ ਬੱਸ ਚਾਲਕ ਜਗਪ੍ਰੀਤ ਸਿੰਘ ਪਿੰਡ ਬਿਜਲੀਵਾਲ ਅਤੇ ਅਣਪਛਾਤੇ ਕਿਸਾਨ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਅੱਗ ਅਤੇ ਧੂੰਏਂ ਕਾਰਨ ਬੱਸ ਦੇ ਡਰਾਈਵਰ ਨੂੰ ਕੁਝ ਦਿਖਾਈ ਨਾ ਦਿੱਤਾ ਅਤੇ ਸੰਤੁਲਨ ਗੁਆਉਣ ਕਰਕੇ ਬੱਸ ਖੇਤਾਂ ਵਿੱਚ ਪਲਟ ਗਈ ਜਿਸ ਨੂੰ ਅੱਗ ਲੱਗ ਗਈ। ਹਾਦਸੇ ਮੌਕੇ ਬੱਸ ਵਿੱਚ 32 ਬੱਚੇ ਸਵਾਰ ਸਨ ਅਤੇ ਡਰਾਈਵਰ ਦੀ ਹਿੰਮਤ ਅਤੇ ਆਲੇ-ਦੁਆਲੇ ਦੇ ਲੋਕਾਂ ਦੀ ਮਦਦ ਨਾਲ ਬੱਚਿਆਂ ਨੂੰ ਬੜੀ ਮੁਸ਼ਕਲ ਨਾਲ ਬੱਸ ਵਿੱਚੋਂ ਬਾਹਰ ਕੱਢਿਆ ਗਿਆ, ਪਰ ਫਿਰ ਵੀ 7 ਬੱਚੇ ਝੁਲਸ ਗਏ। ਜ਼ਿਆਦਾ ਝੁਲਸੇ ਗਏ ਬੱਚਿਆਂ ਵਿੱਚ ਗੁਰਪ੍ਰਤਾਪ ਸਿੰਘ (8) ਪੁੱਤਰ ਹਰਜੋਤ ਸਿੰਘ ਨਵਾਂ ਪਿੰਡ ਬਰਕੀਵਾਲ, ਸਹਿਜਪ੍ਰੀਤ ਕੌਰ (6) ਪੁੱਤਰੀ ਜੋਹਲਜੀਤ ਸਿੰਘ ਵਾਸੀ ਪਿੰਡ ਧਵਾਣ, ਗੁਰਪਾਲ ਸਿੰਘ ਪੁੱਤਰ ਸਤਨਾਮ ਸਿੰਘ ਧਵਾਣ ਸ਼ਾਮਲ ਹਨ ਜਦਕਿ ਰਿਪਨਜੋਤ ਸਿੰਘ (3) ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਧਵਾਣ, ਸ਼ਾਹਬਾਜ਼ ਸਿੰਘ (4) ਪੁੱਤਰ ਇੰਦਰਜੀਤ ਸਿੰਘ ਵਾਸੀ ਪਿੰਡ ਕੋਟ ਮਜਲਸ ਤੇ ਜਸਲੀਨ ਕੌਰ (13) ਪੁੱਤਰੀ ਪ੍ਰਭਜੋਤ ਸਿੰਘ ਵਾਸੀ ਪਿੰਡ ਬਿਜਲੀਵਾਲ ਨੂੰ ਡਾਕਟਰਾਂ ਨੇ ਇਲਾਜ ਮਗਰੋਂ ਘਰ ਭੇਜ ਦਿੱਤਾ ਹੈ। ਸ੍ਰੀ ਗੁਰੂ ਹਰਿ ਰਾਏ ਪਬਲਿਕ ਸਕੂਲ ਕਿਲਾ ਲਾਲ ਸਿੰਘ ਦੀ ਬੱਸ ਵਿੱਚ 32 ਬੱਚੇ ਸਵਾਰ ਸਨ ਜਿਸ ਦਾ ਡਰਾਈਵਰ ਜਗਪ੍ਰੀਤ ਸਿੰਘ ਅੱਜ ਬਾਅਦ ਦੁਪਹਿਰ ਛੁੱਟੀ ਹੋਣ ਉਪਰੰਤ ਬੱਚਿਆਂ ਨੂੰ ਸਕੂਲ ਤੋਂ ਘਰ ਛੱਡਣ ਜਾ ਰਿਹਾ ਸੀ ਕਿ ਜਦੋਂ ਬੱਸ ਨਵਾਂ ਪਿੰਡ ਬਰਕੀਵਾਲ ਨੇੜੇ ਪਹੁੰਚੀ ਤਾਂ ਕਿਸਾਨਾਂ ਵੱਲੋਂ ਨਾੜ ਨੂੰ ਲਾਈ ਗਈ ਅੱਗ ਕਾਰਨ ਪੈਦਾ ਹੋਏ ਧੂੰਏਂ ਕਾਰਨ ਕੁਝ ਦਿਖਾਈ ਨਾ ਦੇਣ ਕਾਰਨ ਡਰਾਈਵਰ ਸੰਤੁਲਨ ਗੁਆ ਬੈਠਾ ਅਤੇ ਬੱਸ ਖੇਤਾਂ ਵਿੱਚ ਪਲਟ ਗਈ ਅਤੇ ਅੱਗ ਨੇ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਕਾਰਨ ਸੱਤ ਬੱਚੇ ਝੁਲਸ ਗਏ।



# ਬੰਦੀ ਸਿੱਖਾਂ ਦੀ ਰਿਹਾਈ ਲਈ ਸੰਘਰਸ਼ ਵਿਢੇਗੀ ਸ਼ੋ੍ਮਣੀ ਕਮੇਟੀ

ਅੰਮ੍ਰਿਤਸਰ (ਜਗਤਾਰ ਸਿੰਘ ਲਾਂਬਾ)-ਬੰਦੀ ਸਿੱਖਾਂ ਦੀ ਰਿਹਾਈ ਸਬੰਧੀ ਸ਼੍ਰੋਮਣੀ ਕਮੇਟੀ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਸਾਂਝਾ ਸੰਘਰਸ਼ ਵਿੱਢਣ ਦੇ ਰੌਂਅ ਵਿੱਚ ਹੈ। ਇਸ ਸਬੰਧ ਵਿੱਚ ਵਿੱਢੇ ਜਾਣ ਵਾਲੇ ਸੰਘਰਸ਼ ਦੀ ਰੂਪ-ਰੇਖਾ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ 11 ਮਈ ਨੂੰ ਸਿੱਖ ਪੰਥ ਦੀਆਂ ਧਾਰਮਿਕ ਤੇ ਸਿਆਸੀ ਜਥੇਬੰਦੀਆਂ ਦੀ ਇੱਕ ਮੀਟਿੰਗ ਸੱਦੀ ਗਈ ਹੈ। ਇਹ ਮੀਟਿੰਗ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਵੇਗੀ। ਇਹ ਖੁਲਾਸਾ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਇਕਜੁੱਟ ਹੋ ਕੇ ਸੰਘਰਸ਼ ਵਿੱਢਣ ਦੇ ਸੱਦੇ ਤਹਿਤ 11 ਮਈ ਨੂੰ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਸੱਦੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸੰਜੀਦਾ ਹੈ ਕਿਉਂਕਿ ਸਜ਼ਾਵਾਂ ਪੂਰੀਆਂ ਕਰਨ ਮਗਰੋਂ ਵੀ ਬੰਦੀ ਸਿੱਖਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਤੰਤੀ ਸਾਜ਼ਾਂ ਨਾਲ ਗੁਰਬਾਣੀ ਕੀਰਤਨ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਇਸ ਬਾਰੇ ਹੈੱਡ ਗ੍ਰੰਥੀ ਨਾਲ ਵਿਚਾਰ ਕਰਕੇ ਰੋਜ਼ਾਨਾ ਇਕ ਜਥੇ ਤੋਂ ਇਸ ਦੀ ਸ਼ੁਰੂਆਤ ਕੀਤੀ ਜਾਵੇਗੀ ਤੇ ਭਵਿੱਖ 'ਚ ਇਸ ਦਾ ਵਿਸਥਾਰ ਹੋਵੇਗਾ। ਵਿਦਿਅਕ ਅਦਾਰਿਆਂ ਦੇ ਜਿਹੜੇ ਅਮਲੇ ਦੀਆਂ ਤਨਖ਼ਾਹਾਂ ਰੁਕੀਆਂ ਹੋਈਆਂ ਹਨ, ਉਨ੍ਹਾਂ ਬਾਰੇ ਸ੍ਰੀ ਧਾਮੀ ਨੇ ਕਿਹਾ ਕਿ ਦੋ ਹਫ਼ਤਿਆਂ ਵਿੱਚ ਉਨ੍ਹਾਂ ਦੇ ਪਿਛਲੇ ਬਕਾਏ ਦੀ ਅਦਾਇਗੀ ਕੀਤੀ ਜਾਵੇਗੀ।



NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ
ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED



# 'ਹੀਰੋਪੰਤੀ 2' ਵੱਲੋਂ ਬਾਕਸ ਆਫ਼ਿਸ 'ਤੇ ਚੰਗਾ ਪ੍ਰਦਰਸ਼ਨ

ਮੁੰਬਈ-ਬੌਲੀਵੁੱਡ ਅਦਾਕਾਰ ਟਾਈਗਰ ਸ਼ਰੌਫ ਤੇ ਨਵਾਜ਼ੁਦੀਨ ਸਿੱਦੀਕੀ ਦੀ ਫਿਲਮ 'ਹੀਰੋਪੰਤੀ 2' ਨੇ ਹਫ਼ਤੇ ਦੇ ਆਖਰੀ ਦਿਨਾਂ ਵਿੱਚ ਬਾਕਸ ਆਫ਼ਿਸ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਬਾਕਸ ਆਫਿਸ ਆਫ਼ ਇੰਡੀਆ ਮੁਤਾਬਿਕ ਫ਼ਿਲਮ ਨੇ ਆਖਰੀ ਦਿਨਾਂ ਵਿੱਚ ਕੁੱਲ 6.25 ਤੇ 6.50 ਕਰੋੜ ਰੁਪਏ ਵਿਚਕਾਰ ਕਮਾਈ ਕੀਤੀ ਹੈ। ਫ਼ਿਲਮ ਦੀ ਸਫ਼ਲਤਾ ਨੂੰ 'ਕੇਜੀਐੱਫ: ਚੈਪਟਰ 2' ਦੀ ਲਗਾਤਾਰ ਪਕੜ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ, ਜੋ ਕਿ ਪੰਦਰਾਂ ਦਿਨ ਪਹਿਲਾਂ ਰਿਲੀਜ਼ ਹੋਣ ਦੇ ਬਾਵਜੂਦ ਹਾਲੇ ਤੱਕ ਟਿਕਟਾਂ ਦੀ ਵਿਕਰੀ 'ਤੇ ਹਾਵੀ ਹੈ। 'ਹੀਰੋਪੰਤੀ 2' ਨੂੰ ਬਾਕਸ ਆਫ਼ਿਸ 'ਤੇ ਕੁੱਲ 8 ਤੋਂ 9 ਕਰੋੜ ਰੁਪਏ ਕਮਾਈ ਹੋਣ ਦਾ ਅਨੁਮਾਨ ਹੈ। ਫ਼ਿਲਮ ਵਿੱਚ ਅਦਾਕਾਰ ਟਾਈਗਰ ਸ਼ਰੌਫ ਮੁੱਖ ਭੂਮਿਕਾ ਵਿੱਚ ਹੋਣ ਦੇ ਬਾਵਜੂਦ 'ਹੀਰੋਪੰਤੀ 2' ਨੂੰ ਚੰਗਾ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਦਰਅਸਲ ਮਹਾਮਾਰੀ ਤੋਂ ਪਹਿਲਾਂ ਫਿਲਮ ਕੋਲ 12 ਤੋਂ 15 ਕਰੋੜ ਰੁਪਏ ਦੀ ਕਮਾਈ ਨਾਲ ਸ਼ੁਰੂਆਤ ਕਰਨ ਦਾ ਇਕ ਚੰਗਾ ਮੌਕਾ ਸੀ। ਅੱਜ ਹਾਲਾਤ ਵੱਖਰੇ ਹਨ ਅਤੇ ਦਰਸ਼ਕ ਫਿਲਮਾਂ ਬਾਰੇ ਸਿਆਣੇ ਹਨ ਕਿ ਉਨ੍ਹਾਂ ਨੇ ਕੀ ਵੇਖਣਾ ਹੈ।

# ਆਲੀਆ ਨੂੰ ਭੱਜਦਿਆਂ ਦੇਖ ਹੈਰਾਨ ਹੋਏ ਯਾਤਰੀ

ਚੰਡੀਗੜ੍ਹ-ਨਵ-ਵਿਆਹੀ ਅਦਾਕਾਰਾ ਆਲੀਆ ਭੱਟ ਹਾਲੇ ਵੀ ਸੋਸ਼ਲ ਮੀਡੀਆ 'ਤੇ ਛਾਈ ਹੋਈ ਹੈ। ਉਸ ਦੀ ਇੱਕ ਵੀਡੀਓ ਵਾਇਰਲ ਹੋਈ ਹੈ, ਜਿਸ ਵਿੱਚ ਉਹ ਇੰਦਰਾ ਗਾਂਧੀ ਇੰਟਰਨੈਸ਼ਨਲ ਹਵਾਈ ਅੱਡੇ (ਆਈਜੀਆਈ) 'ਤੇ ਆਪਣੀ ਸਾਮਾਨ ਵਾਲੀ ਟਰਾਲੀ ਲੈ ਕੇ ਤੇਜ਼-ਤੇਜ਼ ਤੁਰਦੀ ਦਿਖਾਈ ਦੇ ਰਹੀ ਹੈ। ਯਾਤਰੀ ਆਲੀਆ ਨੂੰ ਦੇਖ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਇਸ ਦ੍ਰਿਸ਼ ਨੂੰ ਆਪਣੇ ਮੋਬਾਈਲ ਫੋਨਾਂ ਅਤੇ ਕੈਮਰਿਆਂ ਵਿੱਚ ਕੈਦ ਕਰ ਲਿਆ। ਅਸਲ ਵਿੱਚ ਆਲੀਆ ਨੂੰ ਕੋਈ ਕਾਹਲੀ ਨਹੀਂ ਸੀ ਸਗੋਂ ਜਦੋਂ ਬੀਤੇ ਐਤਵਾਰ ਲੋਕਾਂ ਨੇ ਉਸ ਦੀ ਵੀਡੀਓ ਬਣਾਈ ਉਦੋਂ ਉਹ ਆਪਣੀ ਆਉਣ ਵਾਲੀ ਫ਼ਿਲਮ 'ਰੌਕੀ ਔਰ ਰਾਣੀ ਕੀ ਪ੍ਰੇਮ ਕਹਾਨੀ' ਦੀ ਸ਼ੂਟਿੰਗ ਵਿੱਚ ਰੁੱਝੀ ਹੋਈ ਸੀ। ਅਜਿਹੀਆਂ ਹੋਰ ਵੀ ਕਈ ਵੀਡੀਓਜ਼ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚੋਂ ਇੱਕ ਵਿੱਚ ਨਿਰਦੇਸ਼ਕ ਅਤੇ ਨਿਰਮਾਤਾ ਕਰਨ ਜੌਹਰ ਵੀ ਨਿਰਦੇਸ਼ਨ ਕਰਦਾ ਨਜ਼ਰ ਆ ਰਿਹਾ ਹੈ। ਆਲੀਆ ਨੇ ਕਾਲੇ ਰੰਗ ਦੇ ਕੱਪੜੇ ਪਹਿਨੇ ਹੋਏ ਸਨ। ਵੀਡੀਓ ਵਿੱਚ ਬਾਕੀ ਟੀਮ ਵੀ ਸ਼ੂਟਿੰਗ ਦੌਰਾਨ ਭੱਜ-ਦੌੜ ਕਰਦੀ ਦਿਖਾਈ ਦਿੱਤੀ। ਹਵਾਈ ਅੱਡੇ ਦੇ ਸਟਾਫ਼ ਮੈਂਬਰ ਵੀ ਸੰਤਰੀ ਰੰਗ ਦੇ ਬਲੇਜ਼ਰ ਪਹਿਨੀ ਆਲੀਆ ਨਾਲ ਦੌੜਦਿਆਂ ਉਸ ਦੀ ਵੀਡੀਓ ਬਣਾਉਂਦੇ ਦਿਖਾਈ ਦੇ ਰਹੇ ਹਨ। ਕਰਨ ਜੌਹਰ ਦੇ ਨਿਰਦੇਸ਼ਨ ਹੇਠ ਬਣ ਰਹੀ ਇਸ ਫ਼ਿਲਮ ਵਿੱਚ ਰਣਵੀਰ ਸਿੰਘ, ਜਯਾ ਬੱਚਨ, ਧਰਮਿੰਦਰ ਅਤੇ ਸ਼ਬਾਨਾ ਆਜ਼ਮੀ ਵੀ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਕਰਨ ਜੌਹਰ ਨੇ ਨਿਰਦੇਸ਼ਕ ਵਜੋਂ ਕਈ ਸਾਲਾਂ ਬਾਅਦ ਵਾਪਸੀ ਕੀਤੀ ਹੈ। ਇਹ ਫ਼ਿਲਮ 10 ਫਰਵਰੀ 2023 ਨੂੰ ਰਿਲੀਜ਼ ਹੋਵੇਗੀ।





# ਲਿਫਟ ਤੋਂ ਡਰਦਾ ਹੈ ਅਜੈ ਦੇਵਗਨ



ਮੁੰਬਈ-ਫਿਲਮ 'ਰਨਵੇਅ-34' ਦੇ ਅਦਾਕਾਰ ਅਜੈ ਦੇਵਗਨ ਅਤੇ ਰਕੁਲ ਪ੍ਰੀਤ ਸਿੰਘ ਅੱਜ ਰਿਐਲਿਟੀ ਸ਼ੋਅ 'ਡੀਆਈਡੀ ਲਿਟਲ ਮਾਸਟਰਜ਼' ਵਿੱਚ ਨਜ਼ਰ ਆਏ। ਇਸ ਦੌਰਾਨ ਅਜੈ ਨੇ ਦੱਸਿਆ ਕਿ ਕਿ ਉਸ ਨੂੰ ਲਿਫਟ ਦਾ 'ਫੋਬੀਆ' ਹੈ। ਸ਼ੋਅ ਵਿੱਚ ਅਜੈ ਦੇਵਗਨ ਨੇ ਕਿਹਾ, "ਕੁੱਝ ਸਾਲ ਪਹਿਲਾਂ ਜਦੋਂ ਮੈਂ ਦੋ ਹੋਰ ਜਣਿਆਂ ਨਾਲ ਇੱਕ ਲਿਫਟ ਵਿੱਚ ਸੀ ਤਾਂ ਲਿਫਟ ਅਚਾਨਕ ਟੁੱਟ ਗਈ ਅਤੇ ਤੇਜ਼ ਰਫ਼ਤਾਰ ਨਾਲ ਤੀਜੀ ਮੰਜ਼ਿਲ ਤੋਂ ਜ਼ਮੀਨ 'ਤੇ ਜਾ ਡਿੱਗੀ। ਹਾਲਾਂਕਿ ਇਸ ਦੌਰਾਨ ਕੋਈ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਨਹੀਂ ਹੋਇਆ ਪਰ ਅਸੀਂ ਲਗਪਗ ਇੱਕ ਤੋਂ ਡੇਢ ਘੰਟਾ ਲਿਫਟ ਵਿੱਚ ਹੀ ਫਸੇ ਰਹੇ। ਉਦੋਂ ਤੋਂ ਮੈਂ ਲਿਫਟ ਵਿੱਚ ਘਬਰਾਹਟ ਮਹਿਸੂਸ ਕਰਦਾ ਹਾਂ। ਹੁਣ ਵੀ ਜਦੋਂ ਮੈਂ ਲਿਫਟ ਵਿੱਚ ਜਾਂਦਾ ਹਾਂ ਤਾਂ ਡਰ ਜਾਂਦਾ ਹਾਂ।"

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਰੀਅਲ ਐਸਟੇਟ ਅਤੇ ਮੌਰਟਗੇਜ ਬਰੋਕਰ
ਪੜ੍ਹਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜਾਨਾ ਦੇ ਸੈਂਪਲ ਟੈਸਟ ਦਾ ਫਾਈਦਾ ਲਵੋ।
ਫੀਸ
$649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ
ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ



# ਦੋਸਤ ਨਾਲ ਸਵਿਮਿੰਗ ਪੂਲ 'ਚ ਤਸਵੀਰਾਂ ਸਾਂਝੀਆਂ ਕਰਨ 'ਤੇ ਮੰਦਿਰਾ ਦੀ ਆਲੋਚਨਾ

ਚੰਡੀਗੜ੍ਹ-ਸੋਸ਼ਲ ਮੀਡੀਆ 'ਤੇ ਆਪਣੇ ਇੱਕ ਦੋਸਤ ਨਾਲ ਬਿਕਨੀ ਵਿੱਚ ਤਸਵੀਰਾਂ ਸਾਂਝੀਆਂ ਕਰਨ 'ਤੇ ਅਦਾਕਾਰਾ-ਮੇਜ਼ਬਾਨ ਮੰਦਿਰਾ ਬੇਦੀ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਸਵੀਰ ਵਿੱਚ ਮੰਦਿਰਾ ਤੇ ਉਸ ਦਾ ਦੋਸਤ ਪੂਲ ਵਿੱਚ ਇਕੱਠੇ ਨਜ਼ਰ ਆ ਰਹੇ ਹਨ, ਜਿਸ 'ਤੇ ਲੋਕ ਭੜਕ ਗਏ ਅਤੇ ਮੰਦਿਰਾ ਨੂੰ ਫਿੱਟ ਲਾਹਣਤਾਂ ਪਾਉਣ ਲੱਗੇ। ਤਸਵੀਰ ਸਾਂਝੀ ਕਰਦਿਆਂ ਮੰਦਿਰਾ ਨੇ ਆਖਿਆ, "ਜਨਮ ਦਿਨ ਮੁਬਾਰਕ ਆਦੀ। ਇਹ ਤਸਵੀਰਾਂ ਸਭ ਕੁਝ ਬਿਆਨ ਰਹੀਆਂ ਹਨ ਕਿ ਤੁਹਾਡਾ ਮੇਰੇ ਲਈ ਕੀ ਮਹੱਤਵ ਹੈ। ਅਸੀਂ ਲੰਮੇ ਸਮੇਂ ਤੋਂ ਇੱਕ-ਦੂਜੇ ਨੂੰ ਜਾਣਦੇ ਹਾਂ। ਮੈਂ ਤੁਹਾਡੇ 'ਤੇ ਬਹੁਤ ਭਰੋਸਾ ਕਰਦੀ ਹਾਂ। ਪ੍ਰਮਾਤਮਾ ਤੁਹਾਨੂੰ ਖੁਸ਼ੀਆਂ ਖੇੜੇ ਅਤੇ ਕਾਮਯਾਬੀ ਬਖਸ਼ੇ। 17 ਸਾਲ ਦੀ ਉਮਰ ਤੋਂ ਮੇਰੇ ਪਿਆਰੇ ਦੋਸਤ ਤੁਹਾਨੂੰ ਢੇਰ ਸਾਰਾ ਪਿਆਰ।" ਇਸ ਪੋਸਟ ਤੋਂ ਤੁਰੰਤ ਬਾਅਦ ਲੋਕਾਂ ਨੇ ਸੰਦੇਸ਼ ਭੇਜ ਕੇ ਉਸ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ, ਜਿਸ ਕਾਰਨ ਮਜਬੂਰਨ ਮੰਦਿਰਾ ਨੂੰ ਇਸ ਪੋਸਟ 'ਤੇ ਟਿੱਪਣੀਆਂ ਵਾਲਾ ਆਪਸ਼ਨ ਬੰਦ ਕਰਨਾ ਪਿਆ। ਜਾਣਕਾਰੀ ਅਨੁਸਾਰ ਪਿਛਲੇ ਸਾਲ ਜੁਲਾਈ ਵਿੱਚ ਮੰਦਿਰਾ ਦੇ ਪਤੀ ਰਾਜ ਕੌਸ਼ਲ ਦਾ ਦੇਹਾਂਤ ਹੋ ਗਿਆ ਸੀ।

## ਅਦਾਕਾਰ ਧਰਮਿੰਦਰ ਹਸਪਤਾਲ ਭਰਤੀ ਹੋਣ ਤੋਂ ਬਾਅਦ ਵਾਪਸ ਘਰ ਪਰਤੇ




ਮੁੰਬਈ-ਬੌਲੀਵੁੱਡ ਦੇ ਉੱਘੇ ਅਦਾਕਾਰ ਧਰਮਿੰਦਰ ਦੀ ਸਿਹਤ ਵਿਗੜ ਗਈ ਸੀ ਜਿਸ ਕਾਰਨ ਉਨ੍ਹਾਂ ਨੂੰ ਬਰੀਚ ਕੈਂਡੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਪਰ ਉਨ੍ਹਾਂ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਗਿਆ ਹੈ। ਦੂਜੇ ਪਾਸੇ ਪਰਿਵਾਰਕ ਸੂਤਰਾਂ ਦਾ ਕਹਿਣਾ ਹੈ ਕਿ ਉਹ ਰੂਟੀਨ ਚੈਕਅੱਪ ਲਈ ਹੀ ਹਸਪਤਾਲ ਗਏ ਸਨ। ਧਰਮਿੰਦਰ ਨੇ ਟਵਿੱਟਰ 'ਤੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਉਸ ਨੂੰ ਪਿੱਠ ਦਰਦ ਦੀ ਸਮੱਸਿਆ ਆਈ ਸੀ ਪਰ ਹੁਣ ਉਹ ਬਿਲਕੁੱਲ ਠੀਕ ਹੈ।





J DHHOT
TRANSPORTATION LTD.
778-565-2551
NOW HIRING
COMPANY DRIVERS & OWNER OPERATOR

Sign up Bonus $500
Bi-weekly Pay
Health Insurance
Vision And Dental
Frequent Home Time
Minimum 2 Years Experience
Steady Work All Year Around

We're always looking for reliable, energetic and courteous truck drivers to join our team. If this sounds like you, email us at dispatch@jdhhot.com

*LADY DRIVERS ARE WELCOME*



ਬੀ.ਸੀ. ਵਿੱਚ ਕੋਵਿਡ-19

ਵੈਕਸੀਨ ਸਾਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ।

ਵੈਕਸੀਨ ਪਰਿਵਾਰਾਂ ਅਤੇ 5 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਵਿੱਚ ਗੰਭੀਰ ਕੋਵਿਡ-19 ਬੀਮਾਰੀ ਤੋਂ ਬਚਾਅ ਵਿੱਚ ਮਦਦ ਕਰਦੇ ਹਨ। ਤੁਹਾਨੂੰ ਭਾਂਵੇ ਪਹਿਲਾਂ ਕੋਵਿਡ-19 ਹੋ ਚੁੱਕਿਆ ਹੈ, ਫਿਰ ਵੀ ਵੈਕਸੀਨ ਇਮਿਊਨ ਪ੍ਰਤੀਕਿਰਿਆ ਨੂੰ ਮਜ਼ਬੂਤ ਕਰਨ ਦਾ ਸਭ ਤੋਂ ਅਸਰਦਾਰ ਤਰੀਕਾ ਹਨ। ਕੈਨੇਡਾ ਦੇ ਪਿਡੀਐਟ੍ਰਿਕ ਵੈਕਸੀਨਾਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਹੈ ਅਤੇ ਇਹ ਸੁਰੱਖਿਅਤ ਹਨ। ਆਪਣੇ ਆਪ ਨੂੰ ਅਤੇ ਆਪਣੇ ਅਜ਼ੀਜ਼ਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ। ਅੱਜ ਹੀ ਆਪਣੇ ਬੱਚਿਆਂ ਨੂੰ ਟੀਕਾਕਰਣ ਲਈ ਰਜਿਸਟਰ ਕਰੋ।



gov.bc.ca/vaccineforkids-PUN

BRITISH COLUMBIA

# ਪੁੱਤਰ ਇਬਰਾਹਿਮ ਦੇ ਭਵਿੱਖ ਬਾਰੇ ਚਿੰਤਤ ਹੈ ਸੈਫ਼ ਅਲੀ ਖ਼ਾਨ

ਮੁੰਬਈ-ਬੌਲੀਵੁੱਡ ਅਦਾਕਾਰ ਸੈਫ਼ ਅਲੀ ਖ਼ਾਨ ਨੇ ਆਖਿਆ ਕਿ ਦੁਨੀਆ ਦੇ ਹਰੇਕ ਮਾਤਾ-ਪਿਤਾ ਵਾਂਗ ਉਹ ਵੀ ਆਪਣੇ ਪੁੱਤਰ ਇਬਰਾਹਿਮ ਅਲੀ ਖ਼ਾਨ ਦੇ ਭਵਿੱਖ ਬਾਰੇ ਚਿੰਤਤ ਹੈ। ਇਬਰਾਹਿਮ ਇਸ ਵੇਲੇ ਫ਼ਿਲਮ 'ਰੌਕੀ ਔਰ ਰਾਨੀ ਦੀ ਪ੍ਰੇਮ ਕਹਾਨੀ' ਵਿੱਚ ਕਰਨ ਜੌਹਰ ਨਾਲ ਸਹਾਇਕ ਨਿਰਦੇਸ਼ਕ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ। ਇੱਕ ਇੰਟਰਵਿਊ ਦੌਰਾਨ ਸੈਫ਼ ਨੇ ਕਿਹਾ, 'ਮੈਂ ਉਸ ਦੇ ਭਵਿੱਖ ਲਈ ਚਿੰਤਤ ਹਾਂ ਅਤੇ ਮੈਂ ਖ਼ੁਸ਼ ਹਾਂ ਕਿ ਉਹ ਮਿਹਨਤ ਕਰ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਇਬਰਾਹਿਮ ਨੇ ਸਕੂਲ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ ਤੇ ਹਰ ਮਾਤਾ-ਪਿਤਾ ਵਾਂਗ ਮੈਨੂੰ ਇਹ ਚਿੰਤਾ ਹੈ ਕਿ ਉਸ ਦਾ ਭਵਿੱਖ ਚੰਗਾ ਹੋਵੇ।' ਸੈਫ਼ ਨੇ ਕਿਹਾ, "ਇੱਕ ਖ਼ਾਸ ਉਮਰ ਤੱਕ ਤੁਹਾਡਾ ਸਿੱਧਾ-ਸਾਧਾ ਤੇ ਸਧਾਰਨ ਹੋਣਾ ਬਹੁਤ ਸੁਭਾਵਿਕ ਗੱਲ ਹੈ, ਜੋ ਮੈਨੂੰ ਇਬਰਾਹਿਮ ਵਿੱਚ ਦਿਖਾਈ ਵੀ ਦਿੰਦਾ ਹੈ, ਪਰ ਇਹੀ ਆਦਤ ਵੱਡੀ ਉਮਰੇ ਹੋਣਾ ਚੰਗੀ ਗੱਲ ਨਹੀਂ।' ਇਬਰਾਹਿਮ ਅਲੀ ਖ਼ਾਨ ਤੇ ਉਸ ਦੀ ਭੈਣ ਸਾਰਾ ਅਲੀ ਖ਼ਾਨ, ਅੰਮ੍ਰਿਤਾ ਸਿੰਘ ਤੇ ਸੈਫ਼ ਅਲੀ ਖ਼ਾਨ ਦੇ ਬੱਚੇ ਹਨ। ਪੁੱਤਰ ਦਾ ਮੜ੍ਹੰਗਾ ਉਸ ਵਰਗਾ ਹੋਣ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿੱਚ ਸੈਫ਼ ਨੇ ਕਿਹਾ, ਉਹ ਵੀ ਅਕਸਰ ਇਹੀ ਕਹਿੰਦਾ ਹੈ ਕਿ ਉਹ ਜਵਾਨ ਸੈਫ਼ ਅਲੀ ਖ਼ਾਨ ਵਰਗਾ ਦਿਖਦਾ ਹੈ।











# ਪੁੱਤਰ ਦਾ ਜਨਮ ਦਿਨ ਮਨਾਉਣ ਲਈ ਇਕੱਠੇ ਹੋਏ ਰਿਤਿਕ ਤੇ ਸੂਜ਼ੇਨ



ਮੁੰਬਈ-ਅਦਾਕਾਰ ਰਿਤਿਕ ਰੌਸ਼ਨ ਅਤੇ ਉਸ ਦੀ ਸਾਬਕਾ ਪਤਨੀ ਸੂਜ਼ੇਨ ਖਾਨ ਨੇ ਆਪਣੇ ਬੇਟੇ ਰਿਦਾਨ ਦਾ 14ਵਾਂ ਜਨਮ ਦਿਨ ਮਨਾਇਆ। ਸੂਜ਼ੇਨ ਨੇ ਇਸ ਸਬੰਧੀ ਇਸਟਾਗ੍ਰਾਮ 'ਤੇ ਇੱਕ ਤਸਵੀਰ ਸਾਂਝੀ ਕੀਤੀ, ਜਿਸ ਵਿੱਚ ਰਿਤਿਕ, ਸੂਜ਼ਨ, ਉਨ੍ਹਾਂ ਦਾ ਵੱਡਾ ਪੁੱਤਰ ਰਿਹਾਨ ਅਤੇ ਛੋਟਾ ਪੁੱਤਰ ਰਿਦਾਨ ਇਕੱਠੇ ਖੜ੍ਹੇ ਹਨ। ਤਸਵੀਰ ਹੇਠਾਂ ਸੂਜ਼ੇਨ ਨੇ ਲਿਖਿਆ, "14ਵੇਂ ਜਨਮਦਿਨ ਦੀਆਂ ਮੁਬਾਰਕਾਂ ਪੁੱਤਰ। ਅਸੀਂ ਤੁਹਾਨੂੰ ਬਹੁਤ ਪਿਆਰ ਕਰਦੇ ਹਾਂ।" ਤਸਵੀਰ 'ਤੇ ਟਿੱਪਣੀ ਕਰਦਿਆਂ ਪਰਿਵਾਰਕ ਮੈਂਬਰਾਂ, ਦੋਸਤਾਂ ਅਤੇ ਪ੍ਰਸ਼ੰਸਕਾਂ ਨੇ ਪੂਰੇ ਪਰਿਵਾਰ ਨੂੰ ਵਧਾਈ ਦਿੱਤੀ। ਅਰਸਲਾਨ ਗੋਨੀ, ਜਿਸ ਬਾਰੇ ਅਫ਼ਵਾਹ ਹੈ ਕਿ ਉਹ ਸੂਜ਼ੇਨ ਦਾ ਬੁਆਏਫ੍ਰੈਂਡ ਹੈ, ਨੇ ਕਿਹਾ, "ਹੈਪੀ, ਹੈਪੀ ਰਿਡਜ਼।" ਇਸੇ ਤਰ੍ਹਾਂ ਅਦਾਕਾਰਾ ਪ੍ਰੀਤੀ ਜ਼ਿੰਟਾ, ਭਾਵਨਾ ਪਾਂਡੇ, ਮਹੀਪ ਕਪੂਰ, ਫਰਾਹ ਖਾਨ ਸਮੇਤ ਹੋਰ ਬੌਲੀਵੁੱਡ ਹਸਤੀਆਂ ਨੇ ਵੀ ਪਰਿਵਾਰ ਨੂੰ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ 2000 ਵਿੱਚ ਰਿਤਿਕ ਅਤੇ ਸੂਜ਼ਨ ਦਾ ਵਿਆਹ ਹੋਇਆ ਸੀ ਅਤੇ 2014 ਵਿੱਚ ਦੋਵਾਂ ਨੇ ਤਲਾਕ ਲੈ ਲਿਆ ਸੀ। ਫਿਲਮਾਂ ਦੀ ਗੱਲ ਕਰੀਏ ਤਾਂ ਰਿਤਿਕ ਰੌਸ਼ਨ ਤਾਮਿਲ ਫਿਲਮ 'ਵਿਕਰਮ ਵੇਧਾ' ਦੇ ਹਿੰਦੀ ਰੀਮੇਕ ਲਈ ਸ਼ੂਟਿੰਗ ਕਰ ਰਿਹਾ ਹੈ। ਇਸ ਵਿੱਚ ਰਿਤਿਕ ਨਾਲ ਸੈਫ ਅਲੀ ਖਾਨ, ਰਾਧਿਕਾ ਆਪਟੇ, ਰੋਹਿਤ ਸਾਰਾਫੰਦ ਤੇ ਯੋਗਿਤਾ ਬਿਹਾਨੀ ਵੀ ਨਜ਼ਰ ਆਉਣਗੇ। ਜ਼ਿਕਰਯੋਗ ਹੈ ਕਿ ਇਹ ਫਿਲਮ 30 ਸਤੰਬਰ ਨੂੰ ਰਿਲੀਜ਼ ਹੋਵੇਗੀ।




Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5-8430 128TH ST. | MON-FRI | 8 AM - 8 PM |
| (604) 502 - 0441 | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| VANCOUVER | 4038 KNIGHT ST. | MON-FRI | 9 AM - 8 PM |
| (604) 325 - 1241 | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

OPEN 7 DAYS

www.goldkeyinsurance.ca

Rajan MANGOES
AVAILABLE ONLY AT
fruiticana
SINCE 1994

fruiticana hee jaana!

# LOWEST PRICES IN TOWN

Extra Extra Super Special

Rajan MANGOES
(Haden) 4 kg
ਰਾਜਨ ਹੇਡਨ ਅੰਬ
$12.99 BOX
*Number of pieces depends on the weight

Russet Potatoes 10 lbs
ਆਲੂ ਰਸਟ ਸਨੋਬੁਆਏ
$2.99 bag

Rapini (Sarson da Saag)
ਸਰਸੋਂ ਦਾ ਸਾਗ
$2.69 bunch

Pink Lady Apples
ਪੀਂਕ ਲੇਡੀ ਐਪਲ
98¢ lb

Zucchini Squash
ਜ਼ੁਕੀਨੀ ਸਕੁਐਸ਼
88¢ lb

English Cucumber
ਇੰਗਲਿਸ਼ ਖੀਰੇ
98¢ ea.

Extra Super Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.88 ea.

Extra Super Super Special
Desi Karela
ਦੇਸੀ ਕਰੇਲਾ
99¢ lb

Super Special
Yellow Onions 50 lbs
ਪੀਲੇ ਗੰਢੇ
$16.99 bag

Super Special
Indian Eggplants
ਦੇਸੀ ਬਤਾਊਂ
99¢ lb

Super Special
Almonds Supreme #1
ਬਦਾਮ ਪ੍ਰੀਮੀਯਮ ਸਾਈਜ਼ ੧
$3.88 lb

Super Special
Chickpeas, Chana Dal, Red Lentil Whole & Black Chana 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾ ਦੀ ਸਾਬਤ ਦਾਲ ਅਤੇ ਕਾਲੇ ਛੋਲੇ (ਇੰਡੀਕੇਨ)
$3.88 bag

Super Special
Fresh Garlic
ਤਾਜ਼ਾ ਲਸਣ
99¢ lb

Super Special
Fresh Ginger
ਤਾਜ਼ਾ ਅਦਰਕ
99¢ lb

Cilantro
ਧਣੀਆ
2 bunches for 98¢

Spinach
ਪਾਲਕ
99¢ bunch

Long Opo Squash (Lockye)
ਲੰਬੇ ਓਪੋ ਕੱਦੂ
88¢ lb

Daikon (Mooli)
ਮੂਲੀ
88¢ lb

Long Eggplants
ਲੰਬੇ ਬਤਾਊਂ
$1.49 lb

Punjabi Cookies New Crunch & Indican 2.2 lbs All Flavours
ਪੰਜਾਬੀ ਕੁਕੀਜ਼ ਨੀਓ ਕ੍ਰੰਚ ਅਤੇ ਇੰਡੀਕਨ
$4.98 pkg.

Indican Almond Oil 1 L
ਇੰਡੀਕੇਨ ਬਦਾਮ ਦਾ ਤੇਲ
$12.99 bottle

Green Elaichi (Cardamom) S.G
ਹਰੀ ਇਲਾਇਚੀ (ਐਸ. ਜੀ)
$18.99 lb

Maggi Masala Noodles 76 g
ਮੈਗੀ ਮਸਾਲਾ ਨੂਡਲਜ਼
4 for 99¢

Product images may differ from the actual product.

Thur May 05, 2022 - Wed May 11, 2022
We reserve the right to limit the quantities while they last
Specials valid for Lower Mainland only

22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com

fruiticana SINCE 1994

BUSINESS HOURS
9 AM - 9 PM
7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |